# ਸੂਰਾ

ਮਾਸਕ ਪੱਤਰ

ਅੰਮ੍ਰਿਤਸਰ AMRITSAR

ਸ੍ਰੀ ਹਰਿਮੰਦਰ ਸਾਹਿਬ, ਸ੍ਰੀ ਅੰਮ੍ਰਿਤਸਰ

ਜੂਨ ੧੯੭੫



June 1975

www.AKJ.Org

ਗੁਰਮੁਖਿ ਸੁਖ ਫਲੁ ਪਿਰਮ ਰਸ, ਸਹਜ ਸਮਾਧਿ ਸਾਧ ਸੰਗਿ ਜਾਣੀ ॥

ਡੀ. ਪੀ. ਆਈ. ਪੰਜਾਬ ਵਲੋਂ ਚਿੱਠੀ ਨੰਬਰ ੩/੭੦-੬੮-੨੧ (ਅ. ਪ.) ਮਿਤੀ ੧੭-੧੦-੬੮ ਅਨੁਸਾਰ
'ਸੂਰਾ' ਮਾਸਕ ਪੱਤਰ ਕਾਲਜਾਂ, ਸਕੂਲਾਂ ਅਤੇ ਸਮਾਜਿਕ ਸਿਖਿਆ ਕੇਂਦਰਾਂ ਦੀਆਂ ਲਾਇਬ੍ਰੇਰੀਆਂ ਲਈ ਪਰਵਾਨ ਹੈ।

# ਤਤਕਰਾ


| | | |
|---|---|---|
| ਗੁਰੁ ਅਰਜੁਨੁ ਪਿਖਹੁ ਨਯਣ | ਸਵਈਏ ਮਹਲੇ ਪੰਜਵੇਂ ਕੇ | ੧ |
| ਧਰਮਰਾਇ ਦੀ ਦਰਗਾਹ (੧) | ਭਾਈ ਸਾਹਿਬ ਰਣਧੀਰ ਸਿੰਘ ਜੀ | ੨ |
| ਇਕ ਦੀ ਉਪਾਸ਼ਨਾ | ,, ,, | ੫ |
| ਗੁਰਦਵਾਰਾ ਬਰਛਾ ਸਾਹਿਬ ਧਨਪੁਰ ਢਾਕਾ | ਮੈਨੇਜਰ, ਪਟਨਾ ਸਾਹਿਬ | ੯ |
| ਤਪਤਿ ਮਾਹਿ ਠਾਢਿ ਵਰਤਾਈ | ਗਿਆਨੀ ਕੁੰਭੇਰ ਸਿੰਘ ਜੀ | ੧੦ |
| ਵੱਡੇ ਘਲੂਘਾਰੇ ਦੀ ਯਾਦ | ਗਿ: ਗੁਰਬਚਨ ਸਿੰਘ ਜੀ, ਪਟਨਾ ਸਾਹਿਬ | ੧੫ |
| ਮੀਆਂ ਮੀਰ ਤੇ ਗੁਰੂ ਅਰਜਨ ਦੇਵ ਜੀ (ਕਵਿਤਾ) | ਭਾਈ ਸਾਹਿਬ ਰਣਧੀਰ ਸਿੰਘ ਜੀ | ੧੬ |
| ਰਹਿੰਦੇ ਗੁਰ ਦਰੀਆਉ ਵਿਚਿ | 'ਸੂਰਾ' ਪਰਵਾਰ | ੧੭ |
| ਗੁਰੁ ਅਰਜੁਨ ਪਰਤਖ੍ਹ ਹਰਿ | ਸ: ਵਿਧਾਤਾ ਸਿੰਘ ਜੀ ਤੀਰ | ੨੦ |
| ਤਾਮਸਿ ਲਗਾ ਸਦਾ ਫਿਰੈ, ਅਹਿਨਿਸਿ ਜਲਤੁ ਬਿਹਾਇ | ਸਾਰੰਗ ਜੀ, ਕਪੂਰਥਲਾ | ੨੧ |
| ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਤੇ ਉਨ੍ਹਾਂ ਦਾ ਸਤਿਕਾਰ | ਗਿ: ਗੋਪਾਲ ਸਿੰਘ ਜੀ ਮਿਤਰ | ੨੪ |
| ਬੀਬੀ ਤੁਲਸਾਂ | ਸ: ਵਰਿਆਮ ਸਿੰਘ ਜੀ, ਦਿਲੀ | ੨੫ |
| ਦਯਾ ਕੇ ਦਯਾਲ ਮੋਹਿ ਪਤਿਤ ਉਧਾਰੀਐ | ਬਾਬੂ ਮਲ ਸਿੰਘ ਜੀ | ੨੭ |
| ਨਵੀਂ ਪੀੜ੍ਹੀ ਭਿਆਨਕ ਤਬਾਹੀ ਦੇ ਮੋੜ ਤੇ | ਸ੍ਰੀ ਕ੍ਰਿਸ਼ਨ ਕੁਮਾਰ ਜੀ ਰੱਤੂ | ੨੮ |
| ਨਾਮ-ਅਭਿਆਸ-ਕਮਾਈ ਸਿਖਿਆ-ਕੇਂਦਰ | ਸੰਪਾਦਕ | ੨੯ |
| ਰਹਿਤ-ਰਹਿਣੀ ਦੀ ਲੋੜ | ਸ: ਅਮਰਜੀਤ ਸਿੰਘ ਜੀ, ਖਾਂਬੜਾ | ੩੨ |
| ਇਹ ਮਨਮਤਿ—ਤਸਵੀਰਾਂ, ਫਿਲਮਾਂ ਤੇ ਨਾਟਕ | ਸ: ਅਮਰਜੀਤ ਸਿੰਘ ਜੀ, ਡਰਾਫਟਸਮੈਨ | ੩੪ |
| ਮਾਸ ਨਿਸ਼ੇਧ | ਸ: ਗੁਰਮੀਤ ਸਿੰਘ ਜੀ | ੩੭ |
| ਵਾਈਸ ਚਾਂਸਲਰ ਪੰਜਾਬੀ ਯੂਨੀਵਰਸਿਟੀ ਦੇ ਧਿਆਨ ਯੋਗ | ਸੰਪਾਦਕ | ੪੦ |
| ਮਾਪਿਆਂ ਦਾ ਬੱਚਿਆਂ ਲਈ ਫ਼ਰਜ਼ | ਸ: ਮਾਲਕ ਸਿੰਘ ਜੀ, ਜੰਮੂ | ੪੧ |


## ਭਾਈ ਰਤਨ ਸਿੰਘ ਜੀ ਮਸਤਾਨਾ ਚੰਡੀਗੜ੍ਹ ਦੀ ਸੁਪਤਨੀ ਵਿਛੋੜਾ ਦੇ ਗਏ

ਬੀਬੀ ਹੁਕਮ ਕੌਰ ਜੀ (ਸੁਪਤਨੀ ਭਾਈ ਰਤਨ ਸਿੰਘ ਜੀ ਮਸਤਾਨਾ) ੨੨-[illegible]-੭੫ ਨੂੰ ਅੰਮ੍ਰਿਤ ਵੇਲੇ ਚਲਾਣਾ ਕਰ ਗਏ ਹਨ। ਸਤਿਗੁਰੂ ਵਿਛੜੀ ਰੂਹ ਨੂੰ ਆਪਣੇ ਚਰਨਾਂ ਵਿਚ ਨਿਵਾਸ ਬਖ਼ਸ਼ਣ ਅਤੇ ਕੀਰਤਨ ਦੇ ਪਿਆਰੇ ਗੁਰ ਪਰਵਾਰ ਨੂੰ ਭਾਣਾ ਮੰਨਣ ਦਾ ਬਲ ਪਰਦਾਨ ਕਰਨ।

ਜੀਊਲ ਫ਼ਾਈਨ ਪ੍ਰਿੰਟਰਜ਼, ਹਾਥੀਖ਼ਾਨਾ, ਬਜ਼ਾਰ ਮਾਈ ਸੇਵਾਂ, ਅੰਮ੍ਰਿਤਸਰ ਤੋਂ ਛਪਵਾ ਕੇ ਸੇਵਾ ਸਿੰਘ ਪ੍ਰਿੰਟਰ ਤੇ ਪਬਲਿਸ਼ਰ ਨੇ ਸਰਬ ਹਿੰਦ ਅਖੰਡ ਕੀਰਤਨੀ ਜੱਥੇ ਵਲੋਂ ਬਜ਼ਾਰ ਮਾਈ ਸੇਵਾਂ, ਕੂਚਾ ਚਤਰ ਸਿੰਘ, ਅੰਮ੍ਰਿਤਸਰ ਤੋਂ ਪ੍ਰਕਾਸ਼ਤ ਕੀਤਾ।

ਟੈਲੀਫ਼ੋਨ ਨੰਬਰ 51847

www.AKJ.Org

ਜਾ ਕਉ ਹਰਿ ਰੰਗੁ ਲਾਗੋ ਇਸੁ ਜੁਗ ਮਹਿ ਸੋ ਕਹੀਅਤ ਹੈ ਸੂਰਾ॥

ਸਾਲਾਨਾ ਚੰਦਾ ਦੇਸ : ੬ ਰੁਪਏ
ਫੀ ਕਾਪੀ : ੬੦ ਪੈਸੇ




ਪਰਦੇਸ : ਸਮੁੰਦਰੀ ਡਾਕ ਇਕ ਪੌਂਡ
ਹਵਾਈ ਡਾਕ ਦੇ ਰੇਟ ਵਖ ਵਖ ਹਨ ।

ਸਰਬ ਹਿੰਦ ਅਖੰਡ ਕੀਰਤਨੀ ਜੱਥੇ ਵਲੋਂ ਗੁਰਮਤਿ ਮਾਸਕ ਪੱਤਰ

ਜਿਲਦ ੯ | ੨ ਜੂਨ ੧੯੭੫ | ਅੰਕ ੬

## ਗੁਰੁ ਅਰਜੁਨੁ ਪਿਖਹੁ ਨਯਣ

ਜੋਤਿ ਰੂਪਿ ਹਰਿ ਆਪਿ, ਗੁਰੂ ਨਾਨਕ ਕਹਾਯਉ ॥
ਤਾ ਤੇ ਅੰਗਦੁ ਭਯਉ, ਤਤ ਸਿਉ ਤਤੁ ਮਿਲਾਯਉ ॥
ਅੰਗਦਿ ਕਿਰਪਾ ਧਾਰਿ, ਅਮਰੁ ਸਤਿਗੁਰੁ ਥਿਰੁ ਕੀਅਉ ॥
ਅਮਰਦਾਸਿ ਅਮਰਤੁ ਛਤ੍ਰੁ, ਗੁਰ ਰਾਮਹਿ ਦੀਅਉ ॥
*ਗੁਰ ਰਾਮਦਾਸ ਦਰਸਨੁ ਪਰਸਿ, ਕਹਿ ਮਥੁਰਾ ਅੰਮ੍ਰਿਤ ਬਯਣ ॥
†ਮੂਰਤਿ ਪੰਚ ਪ੍ਰਮਾਣੁ ਪੁਰਖ, ਗੁਰੁ ਅਰਜੁਨੁ ਪਿਖਹੁ ਨਯਣ ॥੧॥

[ਸਵਈਏ ਮਹਲੇ ਪੰਜਵੇਂ ਕੇ

*ਭੱਟ ਮਥੁਰਾ ਆਖਦਾ ਹੈ ਕਿ ਗੁਰੂ ਰਾਮਦਾਸ ਜੀ ਦੇ ਦਰਸ਼ਨ ਪਰਸ ਕੇ, ਗੁਰੂ ਅਰਜਨ ਦੇਵ ਜੀ ਦੇ ਬਚਨ ਅੰਮ੍ਰਿਤ ਸਮਾਨ ਆਤਮਕ ਜੀਵਨ ਦੇਣ ਵਾਲੇ ਹੋ ਗਏ ਹਨ ।

†ਪੰਜਵੇਂ ਸਰੂਪ ਗੁਰੂ ਅਰਜਨ ਦੇਵ ਜੀ ਅਕਾਲਪੁਰਖ ਦਾ ਰੂਪ ਹਨ, ਉਨ੍ਹਾਂ ਨੂੰ ਅੱਖਾਂ ਨਾਲ ਵੇਖੋ । ਗੁਰ ਹੁਕਮ ਹੈ— ਨਾਨਕ ਸੇ ਅਖੜੀਆਂ ਬਿਅੰਨਿ, ਜਿਨੀ ਡਿਸੰਦੋ ਮਾ ਪਿਰੀ ॥

ਐਡੀਟਰ : ਗਿਆਨੀ ਜਸਵੰਤ ਸਿੰਘ; ਬੀ. ਏ., ਬੀ. ਟੀ.

ਚਿੱਠੀ ਪੱਤਰ ਲਈ ਪਤਾ—ਮੈਨੇਜਰ, 'ਸੂਰਾ' ਮਾਸਕ ਪੱਤਰ, ਬਾਜ਼ਾਰ ਮਾਈ ਸੇਵਾਂ, ਅੰਮ੍ਰਿਤਸਰ

www.AKJ.Org

# ਧਰਮ ਰਾਇ ਦੀ ਦਰਗਾਹ (੧)

[ਵਲੋਂ—ਗੁਰਪੁਰਿ ਵਾਸੀ ਭਾਈ ਸਾਹਿਬ ਰਣਧੀਰ ਸਿੰਘ ਜੀ]

ਵੇਪਰਵਾਹੁ ਅਗੋਚਰੁ ਆਪਿ ॥ ਆਠ ਪਹਰ ਮਨ
ਤਾ ਕਉ ਜਾਪਿ ॥ ਜਿਸੁ ਚਿਤਿ ਆਏ ਬਿਨਸਹਿ
ਦੁਖਾ ॥ ਹਲਤਿ ਪਲਤਿ ਤੇਰਾ ਊਜਲ ਮੁਖਾ ॥੩॥
[ਰਾਮਕਲੀ ਮ: ੫, ਪੰਨਾ ੮੯੬

ਇਹ ਲੋਕੇ ਸੁਖੁ ਪਾਇਆ ॥ ਨਹੀ ਭੇਟਤ ਧਰਮ
ਰਾਇਆ ॥ [ਰਾਮਕਲੀ ਮ: ੫, ਪੰਨਾ ੮੯੮

ਇਹ ਉਪਰ ਦਿਤੇ ਪ੍ਰਮਾਣ ਨਾ ਸਿਰਫ ਅਗਲੀ ਦਰਗਾਹ ਦਾ ਹੀ ਪੱਕਾ ਪਤਾ ਨਿਸ਼ਾਨ ਦਿੰਦੇ ਹਨ, ਸਗੋਂ ਇਹ ਭੀ ਸਪੱਸ਼ਟ ਕਰਦੇ ਹਨ ਕਿ ਨਾਮ ਦੀਆਂ ਕਮਾਈਆਂ ਬਿਨਾਂ ਗਰਭ ਜੂਨਾਂ ਵਿਚ ਮੁੜ ਮੁੜ ਪੈਣਾ ਪੈਂਦਾ ਹੈ ਅਤੇ ਧਰਮ ਰਾਇ ਦਾ ਲੇਖਾ ਭੀ ਦੇਣਾ ਪੈਂਦਾ ਹੈ। ਗੁਰਮਤਿ ਅੰਦਰ ਇਹ ਗੱਲ ਮੰਨੀ-ਪ੍ਰਮੰਨੀ ਹੈ ਕਿ ਧਰਮ ਰਾਇ ਅਕਾਲ ਪੁਰਖ ਦਾ ਕੀਤਾ ਹੋਇਆ, ਥਾਪਿਆ ਹੋਇਆ, ਹੁਕਮੇ ਅੰਦਰ ਸਭ ਜੀਵਾਂ ਦੇ ਕਰਮਾਂ ਦਾ ਨਿਆਉਂ ਨਿਬੇੜਨ ਲਈ ਇਕ ਵਾਸਤਵੀ ਸ਼ਖ਼ਸੀਅਤ (ਹਸਤੀ) ਹੈ, ਜੋ ਅਗਲੀ ਦਰਗਾਹ ਅੰਦਰ ਸਭ ਤੋਂ ਲੇਖਾ ਲੈਂਦਾ ਹੈ। ਸਿਵਾਏ ਉਨ੍ਹਾਂ ਗੁਰਮੁਖਾਂ, ਗੁਰੂ ਦੇ ਤਾਰੇ ਨਿਸਤਾਰੇ ਨਰਾਂ ਦੇ, ਜਿਨ੍ਹਾਂ ਨੂੰ ਸਤਿਗੁਰੂ ਨਾਨਕ-ਦਸਮੇਸ਼ ਜੀ ਨੇ ਅਪਣਾ ਕੇ ਲੜ ਲਾਇ ਲਿਆ ਹੈ, ਮਤ ਕੋਈ ਇਹ ਗੁਮਾਨ ਕਰੇ ਕਿ ਐਥੇ, ਇਸ ਲੋਕ ਵਿਚ ਹੀ ਜੋ ਕੁਝ ਹੈ, ਸੋ ਹੈ, ਅਗਲੀ ਦਰਗਾਹ ਤੇ ਦਰਗਾਹੀ ਲੇਖੇ ਸਭ ਕਲਪਤੀ ਗੱਲਾਂ ਹੀ ਹਨ।

ਕੀ ਸਤਿਗੁਰੂ ਸੱਚੇ ਪਾਤਸ਼ਾਹ ਨੇ ਧੁਰੋਂ ਆਈ ਸਚੀ ਬਾਣੀ ਅੰਦਰ ਅਗਲੀ ਦਰਗਾਹ ਸਬੰਧੀ ਐਵੇਂ ਕਲਪਤ ਖ਼ਿਆਲ ਹੀ ਖ਼ਿਆਲੇ ਹਨ ? ਹਰਗਿਜ਼ ਨਹੀਂ। ਇਹ ਉਨ੍ਹਾਂ ਲੋਕਾਂ ਦਾ ਅਸ਼ਰਧਕ-ਪੁਣਾ ਤੇ ਮਨਮੁਖਤਾ ਹੈ ਜੋ ਐਸੇ ਗ਼ਲਤ ਵਿਚਾਰ ਮਨ ਵਿਚ ਲਿਆਉਂਦੇ ਹਨ। ਇਕ ਨਹੀਂ, ਅਨੇਕਾਂ ਹੀ ਗੁਰਵਾਕ ਇਸ ਪ੍ਰਥਾਇ ਗੁਰੂ ਸਾਹਿਬ ਨੇ ਉਚਾਰੇ ਹਨ ਕਿ ਅਗਲੀ ਦਰਗਾਹ ਸਚਮੁਚ ਹੈ, ਜਿਸ ਦੀ ਹੋਂਦ ਸਬੰਧੀ ਸਬੂਤ ਲਈ ਹੇਠ ਲਿਖੇ ਗੁਰ-ਪ੍ਰਮਾਣ ਦਿਤੇ ਜਾਂਦੇ ਹਨ —

ਨਾਮੁ ਬਿਸਾਰਿ ਪਚਹਿ ਅਭਿਮਾਨੁ ॥ ਨਾਮ ਬਿਨਾ
ਕਿਆ ਗਿਆਨ ਧਿਆਨੁ ॥ ਗੁਰਮੁਖਿ ਪਾਵਹਿ
ਦਰਗਹਿ ਮਾਨੁ ॥੩॥ [ਰਾਮਕਲੀ ਮ: ੧, ਪੰਨਾ ੯੦੫

ਨਾਮ ਬਿਨਾਂ ਫੋਕਾ ਗਿਆਨ ਧਿਆਨ ਕਿਸੇ ਕੰਮ ਨਹੀਂ। ਫੋਕਟ ਸਹਸ ਸਿਆਣਪੀ ਅਭਿਮਾਨ ਵਾਲਾ ਹੀ ਇਹ ਚੁੰਚ-ਕਥਨੀਆ ਗਿਆਨ ਧਿਆਨ ਹੈ ਜੋ ਅਗਲੀ ਦਰਗਾਹ ਸਬੰਧੀ ਸ਼ੰਕਾ ਪੈਦਾ ਕਰਦਾ ਹੈ ਤੇ ਕਿੰਤੂ ਕਰਾਉਂਦਾ ਹੈ, ਗੁਰਮਤਿ ਗਿਆਨ ਦੇ ਤਤ ਧਿਆਨੀ ਗੁਰਮੁਖ ਜਨ ਹੀ ਸਚੀ ਦਰਗਾਹ ਅੰਦਰ ਮਾਨ ਪਾਉਂਦੇ ਹਨ ਤੇ ਸਦ-ਸਦੀਵੀ ਆਤਮਕ ਰੰਗ-ਰਲੀਆਂ ਮਾਣਦੇ ਹਨ ਅਤੇ ਹਰਿ-ਦਰਗਾਹ ਵਿਚ ਸੋਭਾਵੰਤ ਕਹਾਉਂਦੇ ਹਨ —

ਬਿਨੁ ਸਚੇ ਨਹੀ ਦਰਗਹ ਮਾਨੁ ॥
ਹਰਿ ਰਸੁ ਪੀਵੈ ਛੁਟੈ ਨਿਦਾਨਿ ॥
[ਰਾਮਕਲੀ ਮ: ੧, ਪੰਨਾ ੯੩੭

ਵਾਹਿਗੁਰੂ ਸਚੇ ਦੇ ਸਚ ਪ੍ਰਾਪਤੀ ਬਿਨਾਂ ਹਰਿ-ਦਰਗਾਹੀ ਮਾਨ ਕਿਸੇ ਨੂੰ ਨਹੀਂ ਮਿਲਦਾ। ਗੁਰਮਤਿ ਨਾਮ ਦੀਆਂ ਅਤੁਟ ਕਮਾਈਆਂ ਕਰਨ ਤੋਂ ਹਰਿ-ਰਸ, ਅੰਤਰ ਆਤਮੇ ਰਸ ਆਉਂਦਾ ਹੈ। ਇਸ ਹਰਿ-ਰਸ ਦੇ ਅੰਦਰ ਰਸ-ਰਸੇ, ਰਸੀਆਂ ਦਾ ਹੀ ਅਗਲੀ ਦਰਗਾਹ ਵਿਚ ਛੁਟਕਾਰਾ ਹੈ, ਦੂਜੇ ਫੋਕਟ-ਕਰਮੀਆਂ ਦਾ ਛੁਟਕਾਰਾ ਕਦੇ ਨਹੀਂ ਹੁੰਦਾ।

ਗੁਰਮੁਖਿ ਚੂਕੈ ਆਵਣ ਜਾਣੁ ॥......ਗੁਰਮੁਖਿ
ਦਰਗਹ ਸਿਫਤਿ ਸਮਾਇ ॥ ਨਾਨਕ ਗੁਰਮੁਖਿ
ਬੰਧੁ ਨ ਪਾਇ ॥੪੧॥ [ਸਿਧ ਗੋਸਟਿ, ਪੰਨਾ ੯੪੨

ਦੇਖਿਆ, ਗੁਰਮੁਖਾਂ ਦਾ ਆਵਣ ਜਾਣ ਉੱਕਾ ਹੀ ਚੁਕ ਗਿਆ। ਗੁਰਮੁਖਾਂ ਨੂੰ ਸਚੀ ਦਰਗਾਹ ਅੰਦਰ ਮਾਨ ਮਿਲਦਾ ਹੈ। ਪਰ ਗੁਰਮੁਖ ਇਹ ਮਾਨ ਮਿਲਣ ਪਰ ਬਫ਼ਾਇ ਕੇ ਫੁਲ ਨਹੀਂ ਬਹਿੰਦੇ, ਸਗੋਂ ਸਚੀ ਦਰਗਾਹ ਅੰਦਰ ਸਿਫ਼ਤ-ਸਲਾਹ ਕਰ ਕਰ ਰਜਦੇ ਨਹੀਂ। ਸਿਫਤ-ਸਲਾਹ ਕਰ, ਸਿਫਤੀ ਵਾਹਿਗੁਰੂ ਦੀ ਜ਼ਾਤਿ ਪਾਕਿ ਵਿਚ ਹੀ ਸਮਾਇ ਜਾਂਦੇ ਹਨ। ਗੁਰਮੁਖਾਂ ਦੀ ਸਿਫ਼ਤ-ਸਲਾਹ ਦਾ ਹਦ-ਬੰਨਾ ਥਾਂ ਕੋਈ ਨਹੀਂ ਅਤੇ ਨਾ ਹੀ "ਸਿਫਤੀ ਸਿਫਤਿ



www.AKJ.Org

ਸਮੇਉ'' ਦਾ ਹੀ ਕੁਝ ਪਾਰਾਵਾਰ ਹੈ। ਗੁਰਮੁਖ ਜਨ ਲੇਖੇ ਅੰਦਰ ਕਦੇ ਨਹੀਂ ਆਉਂਦੇ। ਲੇਖੇ ਵਾਲਿਆਂ ਨੂੰ ਹੀ ਬੰਧ ਪੈਂਦੇ ਹਨ; ਗੁਰਮੁਖਾਂ ਨੂੰ ਕੋਈ ਬੰਧ ਨਹੀਂ ਪੈਂਦਾ —

ਜਮਦਰਿ ਬਾਧੇ ਕੋਇ ਨ ਰਾਖੈ ॥ ਬਿਨੁ ਸਬਦੈ ਨਾਹੀ
ਪਤਿ ਸਾਖੈ ॥...॥੫੫॥...ਮਾਨੈ ਹੁਕਮੁ ਸਭੇ ਗੁਣ
ਗਿਆਨ ॥ ਨਾਨਕ ਦਰਗਹ ਪਾਵੈ ਮਾਨੁ ॥੫੬॥

[ਸਿਧ ਗੋਸਟਿ, ਪੰਨਾ ੯੪੪

ਗੁਰ ਸ਼ਬਦ ਵਿਹੂਣੇ ਨਿਗੁਰਿਆਂ ਦੀ ਅਗਲੀ ਦਰਗਾਹੇ ਪਤਿ-ਪਰਤਿਸ਼ਟਾ ਨਹੀਂ ਹੁੰਦੀ। ਨਾ ਹੀ ਕੋਈ ਉਨ੍ਹਾਂ ਦੇ ਛੁਟਕਾਰੇ ਦੀ ਕੋਈ ਸਫ਼ਾਰਸ਼ੀ ਸਾਖਾ ਭਰਦਾ ਹੈ। ਨ ਕੋਈ ਉਨ੍ਹਾਂ ਜਮ-ਦਰ-ਬੱਧਿਆਂ ਨੂੰ ਛੁਡਾਉਂਦਾ, ਰਖਿਆ ਕਰਦਾ-ਕਰਾਉਂਦਾ ਹੈ। ਵਾਹਿਗੁਰੂ ਗੁਰੂ ਸਚੇ ਪਾਤਸ਼ਾਹ ਦਾ ਸੱਚਾ ਹੁਕਮ ਮੰਨਣ-ਹਾਰਿਆਂ ਨੂੰ ਹੀ ਸਚੇ ਗੁਰਮਤਿ ਗਿਆਨ ਤੇ ਗੁਣ ਆਇ ਪਰਗਟ ਹੁੰਦੇ ਹਨ, ਜਿਨ੍ਹਾਂ ਦੀ ਬਦੌਲਤ ਤਿਨ੍ਹਾਂ ਨੂੰ ਦਰਗਾਹ ਅੰਦਰ ਮਾਨ ਪ੍ਰਾਪਤ ਹੁੰਦਾ ਹੈ। ਇਹ ਸਤਿਗੁਰੂ ਨਾਨਕ ਦਾ ਸਚਾ ਕਥਨ ਹੈ —

ਗੁਰਮੁਖਿ ਜਗੁ ਜੀਤਾ ਜਮਕਾਲੁ ਮਾਹਿ ਬਿਦਾਰਿ ॥
ਗੁਰਮੁਖਿ ਦਰਗਹ ਨ ਆਵੈ ਹਾਰਿ ॥

[ਸਿਧ ਗੋਸਟਿ, ਪੰਨਾ ੯੪੬

ਗੁਰਮੁਖਾਂ ਨੇ ਗੁਰਮਤਿ ਨਾਮ ਦੇ ਬਲ ਕਰਕੇ ਜਮਕਾਲ ਨੂੰ ਮਾਰ ਕੇ ਸਾਰਾ ਜਗ ਜਿਤ ਲਿਆ। ਇਸ ਜਗ ਅੰਦਰ ਇਨ੍ਹਾਂ ਨੇ ਸੁਰਖ਼ਰੂਈ ਹਾਸਲ ਕਰ ਲੀਤੀ ਤੇ ਅਗਲੀ ਦਰਗਾਹ ਜਾ ਕੇ ਭੀ, ਉਨ੍ਹਾਂ ਨੂੰ ਹਾਰ ਕਦੇ ਨਹੀਂ ਮਿਲਦੀ, ਜਿੱਤ ਹੀ ਜਿੱਤ ਹੈ।

ਮਨਮੁਖ ਬੋਲਿ ਨ ਜਾਣਨੀ ਓਨਾ ਅੰਦਰਿ ਕਾਮੁ
ਕ੍ਰੋਧੁ ਅਹੰਕਾਰੁ ॥ ਓਇ ਥਾਉ ਕੁਥਾਉ ਨਾ ਜਾਣਨੀ
ਉਨ ਅੰਤਰਿ ਲੋਭੁ ਵਿਕਾਰੁ ॥ ਓਇ ਆਪਣੈ
ਸੁਆਇ ਆਇ ਬਹਿ ਗਲਾ ਕਰਹਿ ਓਨਾ ਮਾਰੇ
ਜਮੁ ਜੰਦਾਰੁ ॥ ਅਗੈ ਦਰਗਹ ਲੇਖੈ ਮੰਗਿਐ
ਮਾਰਿ ਖੁਆਰੁ ਕੀਚਹਿ ਕੂੜਿਆਰ ॥

[ਰਾਮਕਲੀ ਕੀ ਵਾਰ, ਮ: ੩, ਪੰਨਾ ੯੫੦

ਨਾਮੋਂ ਸਖਣੇ ਨਿਗੁਰੇ ਮਨਮੁਖਾਂ ਦੇ ਹਿਰਦੇ ਅੰਦਰ ਕਾਮ, ਕ੍ਰੋਧ, ਹੰਕਾਰ ਹੀ ਸਦਾ ਵਸਿਆ ਰਹਿੰਦਾ ਹੈ। ਉਨ੍ਹਾਂ ਦੇ ਅੰਦਰੋਂ ਕੁਬੋਲ ਕੁਵਾਕ ਹੀ ਨਿਕਲਦੇ ਹਨ, ਕ੍ਰੋਧ ਤੇ ਹੰਕਾਰ ਭਰੇ ਕੁਬਚਨ ਹੀ ਨਿਕਲਦੇ ਹਨ। ਉਹਨ ਦੇ ਅਖ਼ਤਿਆਰ ਕੁਝ ਨਹੀਂ ਰਹਿੰਦਾ, ਨ ਉਨ੍ਹਾਂ ਮਦਹੋਸ਼ਾਂ ਨੂੰ ਕੁਝ ਪਤਾ ਰਹਿੰਦਾ ਹੈ ਕਿ ਮੂੰਹੋਂ ਕੀ ਬੋਲਣਾ ਹੈ ਤੇ ਕੀ ਨਹੀਂ ਬੋਲਣਾ। ਉਹ ਕੁਬੋਲ ਕੁਬਚਨ ਬੋਲਣ ਲਗੇ ਥਾਉਂ ਕੁਥਾਉਂ ਵੀ ਨਹੀਂ ਵੇਖਦੇ। ਉਹ ਲੋਭ ਵਿਕਾਰ ਦੇ ਗੁਸੇ ਹੋਏ ਨਿਜ-ਲੋਭ ਵਿਕਾਰੀ ਕੁ-ਵਿਚਾਰ ਹੀ ਮੂੰਹੋਂ ਕਢਦੇ ਹਨ। ਉਹ ਆਪਣੇ ਸੁਆਰਥ ਦੀਆਂ ਗੱਲਾਂ ਹੀ ਮੂੰਹੋਂ ਕਢਦੇ ਹਨ। ਸਾਰੀ ਆਯੂ ਹੀ ਉਨ੍ਹਾਂ ਦੀ ਇਨ੍ਹਾਂ ਗੱਲਾਂ ਵਿਚ ਬੀਤ ਜਾਂਦੀ ਹੈ। ਅੰਤ ਵੇਲੇ ਉਹ ਜੰਮ ਜੰਦਾਰ ਦੀਆਂ ਚੋਟਾਂ ਖਾਂਦੇ ਹਨ, ਅਗਲੀ ਦਰਗਾਹ ਵਿਚ ਉਨ੍ਹਾਂ ਤੋਂ ਲੇਖਾ ਮੰਗਿਆ ਜਾਂਦਾ ਹੈ ਤੇ ਅਗਲੀ ਦਰਗਾਹ ਵਿਚ ਤਿਨ੍ਹਾਂ ਨੂੰ ਮਾਰ ਕੇ ਖੁਆਰ ਕੀਤਾ ਜਾਂਦਾ ਹੈ। ਕਿਉਂਕਿ ਲੇਖਾ ਉਹ ਦੇ ਨਹੀਂ ਸਕਦੇ, ਇਸ ਲਈ ਕੂੜ ਨਿਖੁਟੇ ਦਾ ਸਦਾ ਲੇਖਾ ਲਿਆ ਹੀ ਲਿਆ ਜਾਵੇਗਾ —

ਨਾਨਕੁ ਆਖੈ ਰੇ ਮਨਾ ਸੁਣੀਐ ਸਿਖ ਸਹੀ ॥
ਲੇਖਾ ਰਬੁ ਮੰਗੇਸੀਆ ਬੈਠਾ ਕਢਿ ਵਹੀ ॥
ਤਲਬਾ ਪਉਸਨਿ ਆਕੀਆ ਬਾਕੀ ਜਿਨਾ ਰਹੀ ॥
ਅਜਰਾਈਲੁ ਫਰੇਸਤਾ ਹੋਸੀ ਆਇ ਤਹੀ ॥
ਆਵਣੁ ਜਾਣੁ ਨ ਸੁਝਈ ਭੀੜੀ ਗਲੀ ਫਹੀ ॥
ਕੂੜ ਨਿਖੁਟੇ ਨਾਨਕਾ ਓੜਕਿ ਸਚ ਰਹੀ ॥

[ਵਾਰ ਰਾਮਕਲੀ, ਮ: ੧, ਪੰਨਾ ੯੫੩

ਏਸ ਗੁਰਵਾਕ ਵਿਚ ਗੁਰੂ ਨਾਨਕ ਸਾਹਿਬ ਸਾਰਿਆਂ ਜਗਿਆਸੂਆਂ ਨੂੰ ਸੰਬੋਧਨ ਕਰ ਕੇ ਸੱਚੀ ਸਿਖਿਆ ਦਿੰਦੇ ਹਨ। ਇਸ ਵਿਚ ਗੁਰੂ ਨਾਨਕ ਸਾਹਿਬ ਨੇ ਜੋ ਕੁਝ ਉਚਾਰਿਆ ਹੈ, ਉਹ ਅੱਖਰ ਅੱਖਰ ਸੱਚ ਤੇ ਸਹੀ ਹੈ। ਇਸ ਵਿਚ ਸੰਦੇਹ ਕਿੰਤੂ ਕਰਨ ਦੀ ਗੁੰਜਾਇਸ਼ ਹੀ ਨਹੀਂ।

ਏਸ ਦੁਨੀਆ ਵਿਚ ਕੀਤੇ ਕਰਮਾਂ ਦਾ ਲੇਖਾ ਅਗਲੀ ਦਰਗਾਹ ਅੰਦਰ ਜ਼ਰੂਰ ਦੇਣਾ ਹੈ। ਲੇਖਾ ਹੋਇ ਬਿਨਾਂ ਰਹਿਣਾ ਨਹੀਂ। ਧਰਮਰਾਇ ਦੇ ਰਾਹੀਂ, ਧਰਮ ਰਾਇ ਦਾ ਰੂਪ ਧਾਰ ਕੇ ਪ੍ਰਮੇਸ਼ਵਰ ਆਪ ਸਭਨਾਂ ਦਾ ਲੇਖਾ ਮੰਗੇਗਾ। ਅਗਲੀ ਦਰਗਾਹ ਵਿਚ ਰੱਬ ਨੇ ਧਰਮ ਰਾਇ ਦੀ ਕਚਹਿਰੀ ਬਣਾਈ ਹੋਈ ਹੈ ਤੇ ਧਰਮ ਰਾਇ ਦੇ ਪਾਸ ਵਹੀ ਰਖੀ ਹੋਈ ਹੈ, ਜਿਸ ਉਤੇ ਹਰ ਇਕ ਜੀਵ ਦੇ ਇਕ ਇਕ ਕਰਮ ਦਾ ਲੇਖਾ ਲਿਖਿਆ ਹੋਇਆ ਹੈ। ਜਿਨ੍ਹਾਂ ਆਕੀਆਂ

ਨੇ ਰੱਬ-ਰਜ਼ਾਈ ਦੇ ਗੁਰਮਤਿ ਰਜ਼ਾਕਾਰੀ ਹੁਕਮ ਨਹੀਂ ਮੰਨੇ, ਤਿਨ੍ਹਾਂ ਨੂੰ ਧਰਮ ਰਾਇ ਦੀ ਦਰਗਾਹ ਵਿਚ ਤਲਬਾਂ ਪੈਣਗੀਆਂ । ਜਿਨ੍ਹਾਂ ਦੀ ਰਿਣ-ਕਰੰਮੀ ਬਾਕੀ ਰਹੀ ਧਰਮਰਾਇ ਦੀ ਵਹੀ ਵਿਚ ਦਰਜ ਹੈ, ਤਿਨ੍ਹਾਂ ਨੂੰ ਜ਼ਰੂਰ ਤਲਬਾਂ ਪੈਣਗੀਆਂ । ਅਜਰਾਈਲ ਸਾਰਖੇ ਜਮਦੂਤ ਫ਼ਰਿਸ਼ਤੇ ਉਨ੍ਹਾਂ ਨੂੰ ਪਕੜ ਪਕੜ ਕੇ ਧਰਮਰਾਇ ਦੀ ਕਚਹਿਰੀ ਵਿਚ ਲਿਆ ਹਾਜ਼ਰ ਕਰਨਗੇ । ਉਨ੍ਹਾਂ ਨੂੰ ਇਸ ਭੀੜੀ ਗਲੀ ਵਿਚੋਂ ਨੱਸਣ ਦਾ ਰਾਹ ਭੀ ਕੋਈ ਨਹੀਂ ਦਿਸੇਗਾ, ਨ ਸੁਝੇਗਾ । ਕੂੜਿਆਰਾਂ ਦੀਆਂ ਸਭ ਸਿਆਣਪਾਂ ਚਤਰਾਈਆਂ ਨਿਖੁਟ ਜਾਣਗੀਆਂ । ਸਭ ਕੂੜਿਆਰ ਨਿਖੁਟ ਜਾਣਗੇ, ਕੂੜ ਭੀ ਨਿਖੁਟ ਜਾਵੇਗਾ । ਓੜਕ ਸਚ ਤੇ ਸਚਿਆਰਾਂ ਨੇ ਹੀ ਕਾਇਮ ਦਾਇਮ ਰਹਿਣਾ ਹੈ । ਇਹ ਸਚ ਵਰਤਾਰੀਏ ਬਚਨ ਹਨ ਗੁਰੂ ਨਾਨਕ ਸਾਹਿਬ ਜੀ ਦੇ, ਜਿਨ੍ਹਾਂ ਨੇ ਜ਼ਰੂਰ ਵਰਤ ਕੇ ਰਹਿਣਾ ਹੈ, ਕਦੇ ਆਹਲੇ (ਖ਼ਾਲੀ) ਨਹੀਂ ਜਾਣਾ । ਏਸ ਉਪਰੋਕਤ ਵਾਕ ਵਿਚ ਜੋ ਕੁਝ ਭੀ ਉਚਾਰਣ ਹੋਇਆ ਹੈ, ਸਭ ਸਹੀ ਅਤੇ ਪੱਥਰ ਤੇ ਲੀਕ ਹੈ, ਪਕੀ ਤਸਦੀਕ ਹੈ । ਬਸ !

ਨਾਨਕ ਨਾਮੁ ਜਪਤ ਸੁਖੁ ਉਪਜੈ ਦਰਗਹ
ਪਾਈਐ ਥਾਉ ॥੧॥ [ਸਲੋਕ ਮ: ੫, ਪੰਨਾ ੯੬੩

ਦੇ ਗੁਰਵਾਕ ਅਨੁਸਾਰ ਗੁਰੂ ਨਾਨਕ ਦੇ ਘਰਿ ਦਰਿ ਦਰਸਾਇਆ ਗੁਰਮਤਿ-ਨਾਮ ਜਪ ਕੇ ਹੀ ਅਗਲੀ ਦਰਗਾਹੇ ਜਾ ਕੇ ਥਾਉਂ ਮਿਲਦਾ ਹੈ ਅਤੇ ਸਚੇ ਸੁਖ ਦੀ ਪ੍ਰਾਪਤੀ ਹੁੰਦੀ ਹੈ । ਵਿਛੜਿਆਂ ਨੂੰ ਪ੍ਰਭੂ ਨਾਲਿ ਮੇਲਣ-ਹਾਰ ਹਰਿ-ਦਰਗਾਹ ਦਾ ਸੱਚਾ ਬਸੀਠ (ਵਿਚੋਲਾ) ਸਤਿਗੁਰੂ ਆਪ ਹੀ ਹੈ ।

ਜੈਸਾ ਸਤਿਗੁਰੁ ਸੁਣੀਦਾ ਤੈਸੋ ਹੀ ਮੈ ਡੀਠੁ ॥
ਵਿਛੁੜਿਆ ਮੇਲੇ ਪ੍ਰਭੂ ਹਰਿ ਦਰਗਹ ਕਾ
ਬਸੀਠੁ ॥ [ਸਲੋਕ ਮ: ੫, ਪੰਨਾ ੯੫੭

ਇਹ ਗੁਰੂ ਅਰਜਨ ਸਾਹਿਬ ਪੰਚਮ ਪਾਤਸ਼ਾਹ ਦੀ ਸਚ ਸਦਾਕਤੀ ਸ਼ਹਾਦਤ ਹੈ । ਪਰ ਅਗਲੀ ਦਰਗਾਹ ਵਿਚ ਬਸੀਠੀ ਕਰਨ ਵਾਲਾ ਕੇਵਲ ਸਤਿਗੁਰੂ ਹੀ ਹੈ । ਸੱਚੇ ਸਤਿਗੁਰੂ ਦੇ ਸੱਚੇ ਹੁਕਮ ਦੇ ਅਨੁਸਾਰੀ ਜੋ ਜੋ ਜਨ ਹੋਏ ਹਨ ਤੇ ਜਿਨ੍ਹਾਂ ਨੇ ਕਰਤਾਰ ਦੀ ਹੁਕਮ-ਰਜ਼ਾ ਵਾਲੀ ਗੱਲ ਮੰਨੀ ਹੈ ਅਤੇ ਭਲੀ ਕਰਕੇ ਮੰਨੀ ਹੈ ਤਿਨ੍ਹਾਂ ਨੇ ਹੀ ਖਸਮ ਨੂੰ ਸੱਚ ਕਰ ਕੇ ਪਛਾਣਿਆ ਹੈ ਸੋਈ ਸੱਚੀ ਦਰਗਾਹ ਦੇ ਸਚੇ ਮਲ ਭਏ ਹਨ । ਤਿਨ੍ਹਾਂ ਨੇ ਸੱਚੇ ਦੀ ਸੱਚੀ ਦਰਗਾਹ ਐਸੀ ਮਲੀ ਹੈ ਕਿ ਸੱਚੀ ਦਰਗਾਹ ਮਲ ਕੇ ਕਦੇ ਨਹੀਂ ਹਲੇ ਅਤੇ ਅਜ਼ਲ ਤੇ ਅਬਦ ਤਕ ਮੱਲ ਮੱਲੀ ਹੀ ਰਖਣਗੇ । ਯਥਾ—

ਜੋ ਕੀਨੀ ਕਰਤਾਰਿ ਸਾਈ ਭਲੀ ਗਲ ॥ ਜਿਨ੍ਹੀ
ਪਛਾਤਾ ਖਸਮੁ ਸੇ ਦਰਗਹ ਮਲ ॥......੧੬ ॥
[ਵਾਰ ਰਾਮਕਲੀ ਮ: ੫, ਪੰਨਾ ੯੬੪

ਪਖੰਡੀਆਂ ਸਾਕਤ ਜਨਾਂ ਦਾ ਅਗਲੀ ਦਰਗਾਹੇ ਇਹ ਹਾਲ ਹੋਵੇਗਾ—

ਪਾਖੰਡ ਪਾਖੰਡ ਕਰਿ ਕਰਿ ਭਰਮੇ, ਲੋਭੁ ਪਾਖੰਡੁ
ਜਗਿ ਬੁਰਿਆਰੇ ॥ ਹਲਤਿ ਪਲਤਿ ਦੁਖਦਾਈ
ਹੋਵਹਿ ਜਮਕਾਲੁ ਖੜਾ ਸਿਰਿ ਮਾਰੇ ॥੪॥...
ਸਾਕਤ ਨਰ ਸਭਿ ਭੂਖ ਭੁਖਾਨੇ, ਦਰਿ ਠਾਢੇ
ਜਮ ਜੰਦਾਰੇ ॥੬॥ [ਨਟ ਮਹਲਾ ੪, ਪੰਨਾ ੯੮੧

ਡਿਠਾ ਜੇ ! ਸਾਕਤ ਨਰਾਂ ਲੋਭੀਆਂ ਪਖੰਡੀਆਂ ਨੂੰ ਜਮ-ਜੰਦਾਰ ਦੇ ਦਰ ਤੇ ਭੁਖਣ-ਭੁੱਖੇ ਦੁਖਦਾਈ ਮਾਰਾਂ ਖਾਂਦੇ ਹੋਏ ਖਲੋਵਣਾ ਹੋਵੇਗਾ । ਤਿਨ੍ਹਾਂ ਦੇ ਹਲਤ ਪਲਤ ਦੋਵੇਂ ਦੁਖਦਾਈ ਹੋਣਗੇ । ਓਦੋਂ ਹੀ ਪਤਾ ਲਗੇਗਾ ਜਦੋਂ ਮਰਨ ਤੋਂ ਪਿਛੋਂ ਅਗੇ ਜਮਾਂ ਦੀ ਮਾਰ ਪਏਗੀ । ਏਹਨਾਂ ਘਟਨਾਵਾਂ ਤੋਂ ਅਵੇਸਲੇ ਬੇਖ਼ਬਰ ਹੋਏ ਵੇ ਸਾਕਤ ਨਰ ਮਨੁਖਾ-ਦੇਹ ਧਾਰ ਕੇ ਪਾਪ ਕਰਮ ਕਰੀ ਜਾਂਦੇ ਹਨ । ਅਤੇ ਐਸੇ ਪਰਵਿਰਤ ਹੁੰਦੇ ਹਨ ਪਾਪ ਕਰਮਾਂ ਵਿਚ ਕਿ ਉਹਨਾਂ ਦੀ ਅੱਖ ਹੀ ਨਹੀਂ ਉਘੜਦੀ । ਅੱਖ ਤਾਂ ਤਦੇ ਹੀ ਉਘੜੇ ਜੇ ਗੁਰੂ ਕੀ ਸਿਖਿਆ ਸੁਣਨ । ਤੇ ਸੁਣ ਕੇ ਸਤਿ ਸਤਿ ਕਰ ਕੇ ਮੰਨਣ । ਜੇ ਉਹਨਾਂ ਨੂੰ ਉਪਰਲੀ ਦਰਗਾਹ ਦਾ ਖ਼ੌਫ਼ ਹੋਵੇ ਤਾਂ ਉਹ ਪਾਪ ਕਰਮ, ਲੋਭ ਪਾਖੰਡ ਵਿਕਾਰਾਂ ਤੋਂ ਬਚਣ । ਲਾ-ਮਜ਼ਹਬ, ਦਹਿਰੀਏ, ਨਾਸਤਕ, ਸਾਕਤ ਪੁਰਸ਼ਾਂ ਦਾ ਇਖ਼ਲਾਕ ਹੋ ਹੀ ਨਹੀਂ ਸਕਦਾ ਜਿਨ੍ਹਾਂ ਨੂੰ ਖ਼ੁਦਾ ਦਾ ਖ਼ੌਫ਼ ਨਹੀਂ, ਜਿਨ੍ਹਾਂ ਨੂੰ ਭੈ ਕੀ ਬਿੰਦ ਨਹੀਂ, ਜਿਨ੍ਹਾਂ ਨੂੰ ਅਗਲੀ ਦੁਨੀਆ, ਪਾਰਲੀ ਦਰਗਾਹ ਦਾ ਨਿਸਚਾ ਨਹੀਂ, ਤਿਨ੍ਹਾਂ ਨੇ ਤਾਂ ਬਸ,

[ਬਾਕੀ ਸਫਾ ੫ ਦੇ ਹੇਠ]



www.AKJ.Org

# ਇਕ ਦੀ ਉਪਾਸ਼ਨਾ

[ਵਲੋਂ—ਗੁਰਪੁਰਿ ਵਾਸੀ ਭਾਈ ਸਾਹਿਬ ਰਣਧੀਰ ਸਿੰਘ ਜੀ]

ਸੰਸਾਰ ਭਰ ਵਿਚ ਜਿਤਨੇ ਵੀ ਮਤ-ਮਤਾਂਤਰ ਹੋਏ, ਅਥਵਾ ਹੋ ਹੋ ਕੇ ਮੁਕ ਖਲੋਏ ਅਤੇ ਹੁਣ ਅਜ ਦੀ ਘੜੀ ਹੋਣ ਦਾ ਦਾਅਵਾ ਰਖਦੇ ਹਨ, ਸਭ ਦੇ ਸਭ ਆਪੋ ਆਪਣੇ ਥਾਈਂ 'ਇਕ ਦੇ ਉਪਾਸ਼ਕ' ਹੋਣ ਦੇ ਦਾਅਵੇਦਾਰ ਬਣੇ ਬੈਠੇ ਹਨ । ਇਸ 'ਇਕ ਦੀ ਉਪਾਸ਼ਨਾ' ਵਲੋਂ ਕੋਈ ਭੀ ਇਕ, ਦੂਜੇ ਨਾਲੋਂ ਘਟ ਨਹੀਂ ਸਦਾਉਂਦਾ। ਪਰ ਜਦ ਇਸ 'ਇਕ ਦੀ ਉਪਾਸ਼ਨਾ' ਵਾਲੇ ਅਸਲ ਭਾਵ ਨੂੰ ਦੀਰਘ-ਦ੍ਰਿਸ਼ਟੀ ਨਾਲ ਵਿਚਾਰ ਕੇ ਦੇਖੀਦਾ ਹੈ, ਤਦ ਕੇਵਲ ਗੱਲੀਂ ਬਾਤੀਂ ਹੀ ਘਰ ਪੂਰੇ ਹੁੰਦੇ ਦਿਸਦੇ ਹਨ; ਅਮਲੋਂ ਊਰੇ ਅਤੇ ਫੋਕੇ ਦਾਅਵੇ ਹੀ ਦਾਅਵੇ ਨਿਕਲਦੇ ਹਨ । ਜਿਨ੍ਹਾਂ ਮਤਾਂ ਦੇ ਅਸੂਲ ਅੰਦਰ ਹੀ 'ਇਕ ਦੀ ਉਪਾਸ਼ਨਾ' ਅਸਲੋਂ ਹੈ ਨਹੀਂ, ਉਹ ਤਾਂ ਉੱਕੇ ਹੀ 'ਇਕ ਦੇ ਉਪਾਸ਼ਕ' ਨਹੀਂ ਬਣ ਸਕਦੇ । 'ਇਕ ਦੇ ਉਪਾਸ਼ਕ' ਬਣ ਸਕਣਾ ਤਾਂ ਕਿਤੇ ਰਿਹਾ, ਉਥੇ ਤਾਂ 'ਇਕ' ਅਤੇ 'ਇਕ ਦੀ ਉਪਾਸ਼ਨਾ' ਦੀ ਸੂਝ ਬੂਝ ਹੀ ਨਹੀਂ ਹੋ ਸਕਦੀ; ਪਰ ਜਿਸ ਮਤਿ ਦੇ ਅੰਦਰ 'ਇਕ ਦੀ ਉਪਾਸ਼ਨਾ' ਵਾਲਾ ਅਸੂਲ ਕੁਟ ਕੁਟ ਕੇ ਭਰਿਆ ਹੋਵੇ, ਉਸ ਮਤਿ ਅੰਦਰ ਭੀ ਜੇ ਉਸ ਮਤਿ ਦੇ ਪੈਰੋਕਾਰ, ਅਰਥਾਤ ਓਸ ਮਤਿ ਉਤੇ ਚਲਣ ਦੇ ਦਾਅਵੇਦਾਰ ਇਸ 'ਇਕ ਦੀ ਉਪਾਸ਼ਨਾ' ਵਾਲੇ ਅਸੂਲ ਤੋਂ ਘੁੱਥੇ ਚਲੇ ਜਾਂਦੇ ਹੋਣ ਅਤੇ 'ਇਕ ਦੇ ਉਪਾਸ਼ਕ' ਬਣਨੋਂ ਰਹਿ ਖੜੋਤੇ ਹੋਣ ਤਦ ਦੂਜੇ ਮਤਿ-ਮਤਾਂਤਰਾਂ ਦਾ ਕੀ ਵੱਟੀਦਾ ਹੈ, ਉਨ੍ਹਾਂ ਦੇ ਘੁੱਥ ਜਾਣ ਦਾ ਤਾਂ ਟਿਕਾਣਾ ਹੀ ਕੁਛ ਨਹੀਂ ।

ਇਸ ਵਰਤਮਾਨ ਸਮੇਂ ਵਿਚ ਜਿੰਨੇ ਵੀ ਮਤਿ-ਮਤਾਂਤਰ ਹਨ, ਤਿਨ੍ਹਾਂ ਵਿਚੋਂ 'ਇਕ ਦੀ ਉਪਾਸ਼ਨਾ' ਵਿਚ ਮੰਨਿਆ-ਪਰਮੰਨਿਆ ਮਤਿ ਹੈ ਤਾਂ ਕੇਵਲ 'ਗੁਰਮਤਿ' ਹੈ । ਐਥੋਂ ਤੀਕ ਕਿ 'ਇਕ' ਦੀ ਨਿਰੋਲ ਉਪਾਸ਼ਨਾ ਜੇ ਹੈ ਤਾਂ ਕੇਵਲ 'ਗੁਰਮਤਿ' ਅੰਦਰ ਹੀ ਹੈ ।

ਇਸ ਨਿਰੋਲਤਾ ਦੇ ਕਾਰਨ ਹੀ ਗੁਰਮਤਿ, ਕੇਵਲ ਗੁਰਮਤਿ ਹੀ ਸੱਚਾ ਤੇ ਸਦੀਵੀ ਧਰਮ ਹੈ । ਏਸ ਗੱਲ ਨੂੰ ਅਨਮਤੀਆਂ ਅਤੇ ਗੁਰਮਤਿ ਦੇ ਸ਼ੁਸ਼ਕ ਵਿਸ਼ਵਾਸੀਆਂ ਪ੍ਰਤਿ ਭਲੀ ਪ੍ਰਕਾਰ ਸਿੱਧ ਅਤੇ ਨਿਸਚਤ ਕਰਨ ਲਈ ਕਿ "ਕੇਵਲ ਗੁਰਮਤਿ ਹੀ ਸੱਚਾ ਅਤੇ ਸਦੀਵੀ ਧਰਮ ਹੈ", "ਗੁਰਮਤਿ ਵਿਹੂਣ ਹੋਰ ਕੋਈ ਮਤਿ ਭੀ ਮਤਿ ਅਰਥਾਤ ਧਰਮ ਨਹੀਂ" ਨਾਮੇ ਵਖਰੇ ਲੇਖ ਦੁਆਰਾ ਨਿਰਣਾ ਕੀਤਾ ਜਾ ਸਕਦਾ ਹੈ । ਪਰ ਏਸ ਲੇਖ ਅੰਦਰ

---

[ਸਫਾ ੪ ਦੀ ਬਾਕੀ]

ਬੇ-ਦਰੇਗ ਮੰਦ ਕਰਮਾਂ ਵਿਚ ਹੀ ਰਚਤ ਖੱਚਤ ਹੋਣਾ ਹੈ—

ਜਿਨੀ ਨਾਮੁ ਵਿਸਾਰਿਆ ਸੇ ਕਿਤੁ ਆਇ ਸੰਸਾਰਿ ॥ ਆਗੈ ਪਾਛੈ ਸੁਖੁ ਨਹੀ ਗਾਡੇ ਲਾਦੇ ਛਾਰੁ ॥ ਵਿਛੁੜਿਆ ਮੇਲਾ ਨਹੀ ਦੂਖੁ ਘਣੋ ਜਮ ਦੁਆਰਿ ॥੩॥ [ਮਾਰੂ ਮ: ੧, ਪੰਨਾ ੧੦੧੦

ਇਹ ਉਪਰਲਾ ਗੁਰਵਾਕ ਕੈਸੀ ਸੂਝ ਸੁਝਾਉਂਦਾ ਹੈ, ਜਿਨ੍ਹਾਂ ਨੇ ਨਾਮ ਵਿਸਾਰ ਦਿਤਾ ਹੈ, ਉਨ੍ਹਾਂ ਦਾ ਏਸ ਸੰਸਾਰ ਵਿਚ ਆਉਣਾ ਬੇਅਰਥ ਤੇ ਅਕਾਰਥ ਹੀ ਹੈ। ਉਹ ਇਸ ਸੰਸਾਰ ਵਿਚ ਕਾਸਨੂੰ ਆਏ, ਕੀ ਥੁੜਿਆ ਪਿਆ ਸੀ ਉਨ੍ਹਾਂ ਦੇ ਇਥੇ ਆਉਣ ਖੁਣੋ । ਉਨ੍ਹਾਂ ਨਾਮ-ਵਿਹੂਣਿਆਂ ਨੂੰ ਅਗੇ ਪਿਛੇ ਏਸ ਲੋਕ ਤੇ ਪਰਲੋਕ ਵਿਚ ਕਿਤੇ ਤੇ ਕਦੇ ਸੁਖ ਮਿਲਣਾ ਨਹੀਂ । ਗੁਰਮਤਿ-ਗੁਣ-ਵਿਹੂਣੇ, ਨਾਮ-ਸਖਰੂਨੇ ਮਾਣੂੰ, ਕੋਈ ਮਨੁਖ ਯਾ ਇਨਸਾਨ ਹਨ ? ਉਹ ਤਾਂ ਛਾਰ (ਮਿੱਟੀ) ਦੇ ਲਦੇ ਹੋਏ ਗੱਡੇ ਸਮਾਨ ਹਨ । ਛਾਰ ਉਡਾ ਕੇ ਛਾਰ ਉਡਾਉਂਦੇ ਹੀ ਚਲੇ ਜਾਣਗੇ, ਪ੍ਰਮਾਰਥ ਦੀ ਤਿਨ੍ਹਾਂ ਨੂੰ ਸਾਰ ਹੀ ਕਦੇ ਨਹੀਂ ਹੋਣੀ, ਵਿਛੜਿਆਂ ਦਾ ਕਦੇ ਮੇਲਾ ਹੋਣਾ ਹੀ ਨਹੀਂ । ਓਨ੍ਹਾਂ ਨੂੰ ਅਗੇ ਜਮ ਦੇ ਦੁਆਰੇ ਜਾ ਕੇ ਘਣੇ ਦੁਖ ਸਹਿਣੇ ਪੈਣਗੇ—

"ਗੁਰਮੁਖਿ ਜਿਨੀ ਨਾਮੁ ਨ ਪਾਇਆ ॥ ਮਨਮੁਖਿ ਬਿਰਥਾ ਜਨਮੁ ਗਵਾਇਆ ॥ ਅਗੈ ਵਿਣੁ ਨਾਵੈ ਕੋ ਬੇਲੀ ਨਾਹੀ, ਬੂਝੈ ਗੁਰ ਬੀਚਾਰੀ ਜੀਉ ॥

[ਮਾਰੂ ਮ: ੩ ਅਸਟ: ਪੰਨਾ ੧੦੧੬

[ਪੁਸਤਕ 'ਅਣਡਿਠੀ ਦੁਨੀਆ', ਪੰਨਾ ੧੨੬



www.AKJ.Org

ਕੇਵਲ ਇਸ ਗੱਲ ਦਾ ਹੀ ਨਿਰਣਾ ਕਰਨਾ ਹੈ ਕਿ ਜਿਸ ਗੁਰਮਤਿ ਅੰਦਰ 'ਇਕ ਦੀ ਉਪਾਸ਼ਨਾ' ਵਾਲਾ ਅਸੂਲ ਹੋਰ ਸਭਨਾਂ ਅਸੂਲਾਂ ਤੋਂ ਮੁਖ ਅਤੇ ਮੰਨਿਆ-ਦੰਨਿਆ ਅਸੂਲ ਹੈ, ਉਸ ਗੁਰਮਤਿ ਉਤੇ ਚਲਣ ਦੇ ਦਾਅਵੇਦਾਰ ਕਿਥੇ ਕੁ ਤਾਈਂ ਇਸ 'ਇਕ ਦੀ ਉਪਾਸ਼ਨਾ' ਵਾਲੇ ਅਸੂਲ ਦੇ ਅਨੁਸਾਰੀ ਹਨ। ਅਸਾਡੇ ਸਿਖ ਮਤਿ ਦੇ ਅਨੇਕਾਂ ਉਪਦੇਸ਼ਕ ਲੋਕਾਂ ਪ੍ਰਤੀ 'ਇਕ ਦੀ ਉਪਾਸ਼ਨਾ' ਦ੍ਰਿੜ੍ਹਾਉਣ ਹਿਤ "ਦੂਜਾ ਕਾਹੇ ਸਿਮਰੀਐ ਜੰਮੈ ਤੇ ਮਰ ਜਾਇ ॥ ਏਕੋ ਸਿਮਰੋ ਨਾਨਕਾ ਜਲਿ ਥਲਿ ਰਹਿਆ ਸਮਾਇ" ਵਾਲੀ ਗੁਰਦੀਖਿਆ ਨੂੰ ਉੱਚੀ ਉੱਚੀ ਪੁਕਾਰਦੇ ਸੁਣੀਂਦੇ ਹਨ, ਪਰ ਅਜ ਤਾਈਂ 'ਇਕ ਦੀ ਉਪਾਸ਼ਨਾ' ਦੇ ਅਸੂਲ ਤੇ ਚਲਣਾ ਤਾਂ ਕਿਤੇ ਰਿਹਾ, ਆਮ ਤੌਰ ਤੇ 'ਇਕ ਦੀ ਉਪਾਸ਼ਨਾ' ਵਾਲੀ ਸੂਝ ਬੂਝ ਹੀ ਨਹੀਂ ਆਈ ਦਿਸਦੀ।

ਉਪਦੇਸ਼ ਦੇ ਅਜ ਕਲ੍ਹ ਦੇ ਰਿਵਾਜੀ ਮੰਡਲਾਂ ਅੰਦਰ ਇਸ 'ਇਕ ਦੀ ਉਪਾਸ਼ਨਾ' ਦੇ ਅਰਥ ਕੇਵਲ ਇਹੋ ਹੀ ਲਾਏ ਤੇ ਦ੍ਰਿੜ੍ਹਾਏ ਜਾਂਦੇ ਹਨ ਕਿ 'ਇਕ ਅਕਾਲ ਪੁਰਖ' ਤੋਂ ਛੁਟ ਹੋਰ ਦੇਵੀ ਦੇਵਤਿਆਂ ਆਦਿ ਦੀ ਉਪਾਸ਼ਨਾ ਨਾ ਕਰਨਾ, ਬਸ ਇਹ 'ਇਕ ਦੀ ਉਪਾਸ਼ਨਾ ਹੈ' ਹੈ।

'ਇਕ ਦੀ ਉਪਾਸ਼ਨਾ' ਦੀ ਏਸੇ ਵਿਆਖਿਆ ਨੂੰ ਮੁਖ ਰਖ ਕੇ ਜਦੋਂ ਦਾ ਸਿੰਘ ਸਭਾ ਦਾ ਪਰਚਾਰ ਹੋਣ ਲਗਾ ਹੈ, ਦੇਵੀ ਦੇਵਤਿਆਂ ਦਾ ਖੰਡਨ ਦਬਾ ਦਬ ਦੀਵਾਨਾਂ ਵਿਚ ਹੁੰਦਾ ਚਲਾ ਆ ਰਿਹਾ ਹੈ। ਐਥੇ ਤਾਈਂ ਕਿ ਦੇਵੀ ਦੇਵਤਿਆਂ ਦਾ ਖੰਡਨ ਕਰਨਾ ਅਤੇ ਹੁੰਦੇ ਸੁਣਨਾ ਹੀ 'ਇਕ ਦੀ ਉਪਾਸ਼ਨਾ' ਵਿਚ ਤਤਪਰ ਹੋਣਾ ਸਮਝਿਆ ਜਾਂਦਾ ਰਿਹਾ ਹੈ। ਇਸ ਤਰ੍ਹਾਂ 'ਇਕ ਦੀ ਉਪਾਸ਼ਨਾ' ਦਾ ਜੋ ਪਰਚਾਰ ਹੋਇਆ, ਉਹ ਕੇਵਲ ਏਥੇ ਤਕ ਹੀ ਹੋਇਆ ਕਿ ਦੇਵੀ ਦੇਵਤਿਆਂ ਦੀ ਮਨੌਤੀ ਹਟ ਗਈ। ਸਿੰਘ ਸਭਾ ਦੇ ਪਰਚਾਰ ਦੀ ਇਹ ਕਾਮਯਾਬੀ ਭੀ ਧੰਨਤਾ ਯੋਗ ਹੈ, ਪਰ ਖਿਮਾ ਕਰਨਾ, 'ਇਕ ਦੀ ਉਪਾਸ਼ਨਾ' ਦੇ ਅਸੂਲ ਦੇ ਅਸਲ ਸਰੂਪ ਦੇ ਸਾਹਮਣੇ ਇਹ ਕਾਮਯਾਬੀ ਐਵੇਂ ਚਿਤ-ਪਰਚਾਵਨਾ ਹੀ ਹੈ। ਦੁਹਾਈ ਦੇ ਕੇ ਕਹਿਣਾ ਪੈਂਦਾ ਹੈ ਕਿ 'ਇਕ ਦੀ ਉਪਾਸ਼ਨਾ' ਅਜੇ ਤੀਕ ਦ੍ਰਿੜ੍ਹ ਨਹੀਂ ਹੋਈ। ਦ੍ਰਿੜ੍ਹ ਹੋਣਾ ਤਾਂ ਦੂਰ ਰਿਹਾ, ਅਜੇ ਤਾਈਂ ਏਸ 'ਇਕ ਦੀ ਉਪਾਸ਼ਨਾ' ਦੇ ਅਸਲ ਸਰੂਪ ਦਾ ਅਨੁਮਾਨ ਮਾਤ੍ਰ ਭੀ ਨਹੀਂ ਹੋਇਆ। ਬਸ! "ਦੂਜਾ ਕਾਹੇ ਸਿਮਰੀਐ ਜੰਮੈ ਤੇ ਮਰ ਜਾਇ" ਵਾਲੇ ਗੁਰਵਾਕ ਦੇ ਆਗਿਆਕਾਰ ਅਸੀਂ ਦੇਵੀ ਦੇਵਤਿਆਂ ਦੇ ਨਾ ਮੰਨਣ ਵਿਚ ਹੀ ਬਣ ਬੈਠੇ, ਅਤੇ ਏਸ ਮਨ-ਮੰਨੀ ਆਗਿਆਕਾਰੀ ਦੇ ਤਾਣ ਖਰੇ ਖਾਸੇ 'ਇਕ ਦੀ ਉਪਾਸ਼ਨਾ' ਦੇ ਅਨੁਸਾਰੀ ਆਪਣੇ ਆਪ ਨੂੰ ਸਦਾਉਣ ਲਗ ਪਏ। ਪਰ ਇਹ ਬੜੀ ਹੀ ਅਧੋਗਤੀ ਵਾਲੀ ਗੱਲ ਹੈ ਕਿ ਜਦ 'ਇਕ' ਦੇ ਸਰੂਪ ਤੋਂ ਹੀ ਅਸੀਂ ਘੁੱਥੇ ਹੋਏ ਹਾਂ ਤਾਂ 'ਇਕ' ਦੀ ਉਪਾਸ਼ਨਾ ਕਿਥੇ? ਮੰਨਿਆ ਕਿ 'ਇਕ ਦੀ ਉਪਾਸ਼ਨਾ' ਤੋਂ ਖੁੰਝਾਉਣ ਤੇ ਭੁਲਾਉਣ ਵਾਲੀ ਉਪਾਸ਼ਨਾ 'ਦੂਜੇ ਭਾਵ ਦੀ ਉਪਾਸ਼ਨਾ' ਹੈ, ਪਰ ਕੀ ਇਹ ਦੂਜੇ ਭਾਵ ਦੀ ਉਪਾਸ਼ਨਾ ਦੇਵੀ ਦੇਵਤਿਆਂ ਦੇ ਨਾ ਮੰਨਣ ਵਿਚ ਹੀ ਮੁਕ ਖਲੋਤੀ? ਕਦਾਚਿਤ ਨਹੀਂ; ਸਗੋਂ ਦੂਣੀ ਚਉਣੀ ਚਿੰਬੜੀ ਹੋਈ ਹੈ। ਦੇਵੀ ਦੇਵਤਿਆਂ ਦੇ ਨਾ ਮੰਨਣ ਵਾਲੇ ਹੋਣ ਤੇ ਅਸੀਂ ਦੂਜੇ ਭਾਵ ਦੀ ਉਪਾਸਨਾ ਦੇ ਖ਼ਤਰੇ ਤੋਂ ਅਵੇਸਲੇ ਹੋ ਗਏ ਅਤੇ ਏਸ ਅਵੇਸਲੇ-ਪਣ ਵਿਚ ਅਸਲ ਉਪਾਸ਼ਨਾ 'ਇਕ ਦੀ ਉਪਾਸ਼ਨਾ' ਤੋਂ ਕੋਰੇ ਰਖਣ ਵਾਲੀਆਂ ਹੋਰ ਬਲਾਵਾਂ ਸਾਨੂੰ ਅਚਿੰਤੇ ਹੀ ਆ ਚਿੰਬੜੀਆਂ, ਜਿਨ੍ਹਾਂ ਦੀ ਚਮੇੜ ਸਾਨੂੰ ਕੇਵਲ ਏਸ ਕਮ-ਅਕਲੀ ਦੇ ਕਾਰਨ—ਕਿ ਦੂਜੇ ਭਾਵ ਦੀ ਉਪਾਸ਼ਨਾ ਅਸੀਂ ਦੇਵੀ ਦੇਵਤਿਆਂ ਦੇ ਮੰਨਣ ਵਿਚ ਹੀ ਸਮਝ ਬੈਠੇ ਸੀ—ਪ੍ਰਤੀਤ ਮਾਤਰ ਭੀ ਨਹੀਂ ਹੋ ਰਹੀ।

'ਇਕ ਅਕਾਲ ਪੁਰਖ' ਦੀ ਉਪਾਸ਼ਨਾ ਤੋਂ ਛੁਟ ਹੋਰ ਜਿਤਨੀ ਭੀ ਉਪਾਸ਼ਨਾ ਹੈ, ਸਭ ਦੂਜੇ ਭਾਵ ਦੀ ਉਪਾਸ਼ਨਾ ਹੈ। ਉਪਾਸ਼ਨਾ ਦਾ ਅਰਥ ਆਮ ਤੌਰ ਤੇ ਪੂਜਣਾ ਸਮਝਿਆ ਗਿਆ ਹੈ, ਗੁਰਮਤਿ ਅੰਦਰ 'ਇਕੋ ਅਕਾਲ ਪੁਰਖ' ਦੇ ਪਰਾਇਣ ਹੀ ਹਰਦਮ ਚਿੱਤ ਬਿਰਤੀ ਦਾ ਹੋਣਾ 'ਇਕ' ਦੀ ਉਪਾਸ਼ਨਾ ਹੈ। ਇਸ ਬਿਰਤੀ ਤੋਂ ਉਪਰਾਮ ਹੋਣਾ, ਅਰਥਾਤ ਇਕ 'ਅਕਾਲ ਪੁਰਖ' ਨੂੰ ਛਡ ਕੇ ਚਿਤ ਬਿਰਤੀ ਦਾ ਦੂਜੇ ਪਾਸੇ ਲਗਣਾ ਇਹ ਗੁਰਮਤਿ ਅਨੁਸਾਰ ਦੂਜੇ ਭਾਵ ਦੀ ਉਪਾਸ਼ਨਾ ਅਰਥਾਤ ਪੂਜਾ ਹੈ। ਦੇਵੀ ਦੇਵਤਿਆਂ ਦੀ ਪੂਜਾ ਤੋਂ ਹਟਾਉਣ ਦਾ ਭਾਵ ਕੇਵਲ ਇਹੋ ਸੀ ਕਿ ਬਿਰਤੀ ਚੱਤੋ-ਪਹਿਰ ਏਧਰ ਖੱਚਤ ਰਹਿਣ ਕਰਕੇ 'ਅਕਾਲ ਪੁਰਖ' ਵਲ ਆਉਣੋਂ ਹੀ ਰਹਿ ਖੜੋਤੀ ਸੀ ਅਤੇ 'ਇਕ ਅਕਾਲ ਪੁਰਖ'



www.AKJ.Org

ਤੋਂ ਛੁਟ ਦੂਤੀ ਵਸਤ ਵਲ ਲਗ ਰਹੀ ਸੀ। ਪਰ ਜੇਕਰ ਬਿਰਤੀਆਂ ਦੇਵੀ ਦੇਵਤਿਆਂ ਵਲੋਂ ਤਾਂ ਛੁੜਕ ਖਲੋਤੀਆਂ ਹਨ ਤੇ ਅਕਾਲ ਪੁਰਖ ਵਲ ਅਜੇ ਵੀ ਨਹੀਂ ਲਗੀਆਂ ਤਾਂ ਇਉਂ ਜਾਣੋ ਕਿ ਇਕ ਬਲਾ ਦੇ ਹੱਥੋਂ ਛੁਟ ਕੇ ਦੂਜੀ ਡਾਇਣ ਦੇ ਫੰਧੇ ਵਿਚ ਫਸ ਗਈਆਂ ਹਨ। ਜਦ ਤਕ ਬਿਰਤੀ ਕਿਸੇ ਨਾ ਕਿਸੇ ਫਾਹੀ ਵਿਚ ਫਸੀ ਹੋਈ ਹੈ ਅਤੇ ਇਕ ਅਕਾਲ ਪੁਰਖ ਵਲ ਨਹੀਂ ਲਗੀ ਤਦ ਤਕ ਦੂਜੇ ਭਾਵ ਦੀ ਉਪਾਸ਼ਨਾ ਨਹੀਂ ਮੁਕੀ, ਅਤੇ ਇਕ ਦੀ ਉਪਾਸ਼ਨਾ ਵਾਲੀ ਦਸ਼ਾ ਪ੍ਰਾਪਤ ਨਹੀਂ ਹੋਈ। ਇਕ ਦੀ ਉਪਾਸ਼ਨਾ ਦਾ ਤਤ ਸਰੂਪ ਗੁਰਮਤਿ ਇਸ ਬਿਧ ਸੂਚਨਾ ਕਰਾਉਂਦੀ ਹੈ —

ਏਕੋ ਜਪਿ ਏਕੋ ਸਾਲਾਹਿ ॥ ਏਕੁ ਸਿਮਰਿ ਏਕੋ ਮਨਿ ਆਹਿ ॥ ਏਕਸ ਕੇ ਗੁਨ ਗਾਉ ਅਨੰਤ ॥ ਮਨਿ ਤਨਿ ਜਾਪਿ ਏਕ ਭਗਵੰਤ ॥ ਏਕੋ ਏਕੁ ਏਕੁ ਹਰਿ ਆਪਿ ॥ ਪੂਰਨ ਪੂਰਿ ਰਹਿਓ ਪ੍ਰਭੁ ਬਿਆਪਿ ॥ ਅਨਿਕ ਬਿਸਥਾਰ ਏਕ ਤੇ ਭਏ ॥ ਏਕੁ ਅਰਾਧਿ ਪਰਾਛਤ ਗਏ ॥ ਮਨ ਤਨ ਅੰਤਰਿ ਏਕੁ ਪ੍ਰਭੁ ਰਾਤਾ ॥ ਗੁਰਪ੍ਰਸਾਦਿ ਨਾਨਕ ਇਕੁ ਜਾਤਾ ॥ [ਗਉੜੀ ਸੁਖਮਨੀ ਮ: ੫, ਪੰਨਾ ੨੮੯

ਏਹ 'ਇਕ' ਦੀ ਉਪਾਸ਼ਨਾ ਦਾ ਸਚਾ ਸਰੂਪ ਹੈ। 'ਇਕ ਦੀ ਉਪਾਸ਼ਨਾ' ਦੇ ਸਰੂਪ ਤੋਂ ਬਿਰਤੀ ਦਾ ਊਰੇ ਤੇ ਊਣੇ ਹੋਣਾ ਹੀ ਦੂਜੇ ਭਾਵ ਦੀ ਉਪਾਸ਼ਨਾ ਵਿਚ ਪਰਵਿਰਤ ਹੋਣਾ ਹੈ, ਜੋ ਨਿਰੀ ਬੁੱਤ-ਪ੍ਰਸਤੀ (ਮੂਰਤੀ-ਪੂਜਾ) ਹੈ। ਜੇ ਦੇਵੀ ਦੇਵਤਿਆਂ ਦੀ ਪੂਜਾ ਤੋਂ ਅਵੇਸਲੇ ਹੋ ਗਏ ਤਾਂ ਕੀ ਹੋਇਆ? ਜਦ ਕਿ ਮਾਇਆ ਰੂਪੀ ਡਾਇਣ ਅਤੇ ਮਾਇਆ ਦੇ ਅਨੇਕ ਪਰਕਾਰ ਦੇ ਅਡੰਬਰਾਂ ਅਤੇ ਪੰਜ ਵਿਕਰਮਾਂ ਰੂਪੀ ਦੈਂਤਾਂ ਅਗੇ ਮੂਜੂ ਬਣੇ ਖੜੇ ਰਹੇ। ਜਿਸ ਦੇਵੀ ਦੇਵਤੇ ਦਾ ਵਜੂਦ ਹੀ ਕਿਸੇ ਨਹੀਂ ਦੇਖਿਆ, ਜੇ ਉਸ ਫ਼ਰਜ਼ੀ ਹਊਏ ਤੋਂ ਮਨ ਹੁਟਕ ਖੜੋਤਾ ਹੈ ਤਾਂ ਕੋਈ ਦੁਤੀਏ ਭਾਵ ਦੀ ਉਪਾਸਨਾ ਮੁਕ ਠੁਕ ਨਹੀਂ ਗਈ, ਐਵੇਂ ਫ਼ਰਜ਼ਾ ਫ਼ਰਜ਼ੀ ਹੀ ਹੈ, ਪਰ ਜਿਹੜੀਆਂ ਅਫਾਤਾਂ ਪਰਤੱਖ ਤੌਰ ਪਰ ਮਨ ਨੂੰ ਫਾਹੀ ਬੈਠੀਆਂ ਹਨ ਤਿਨ੍ਹਾਂ ਤੋਂ ਛੁਟਣ ਦਾ ਕੋਈ ਹੀਲਾ ਨਹੀਂ, ਮਾਨੋ ਕਿ 'ਇਕ ਦੀ ਉਪਾਸ਼ਨਾ' ਵਿਚ ਉਹ ਬਿਆਨ-ਕਾਰੀ ਹੀ ਪਰਤੀਤ ਨਹੀਂ ਹੁੰਦੀਆਂ। ਜਿਸ ਨਾਗਨੀ ਤੋਂ ਗੁਰੂ ਮਹਾਰਾਜ ਸਰਬ ਸੰਸਾਰੀਆਂ ਦਾ ਛੁਟਕਾਰਾ ਕਰਾਇਆ ਲੋੜਦੇ ਹਨ, ਓਸੇ ਬਲਾ ਦੇ ਸ਼ਿਕਾਰ ਅਜੇ ਉਹ ਸਜਣ ਇਕ ਦੂੰ ਵਾਢਿਓਂ ਹੋ ਰਹੇ ਹਨ, ਜਿਨ੍ਹਾਂ ਨੂੰ ਕਿ ਗੁਰਸਿਖ ਦੀ ਹੈਸੀਅਤ ਵਿਚ 'ਇਕ ਦੇ ਉਪਾਸ਼ਕ' ਸਦਾਵਣ ਦਾ ਦਾਅਵਾ ਹੈ; ਗੁਰੂ ਮਹਾਰਾਜ ਤਾਂ ਦਸ ਰਹੇ ਹਨ —

ਮਾਇਆ ਹੋਈ ਨਾਗਨੀ ਜਗਤਿ ਰਹੀ ਲਪਟਾਇ ॥
ਇਸ ਕੀ ਸੇਵਾ ਜੋ ਕਰੇ ਤਿਸ ਹੀ ਕਉ ਫਿਰਿ ਖਾਇ ॥
[ਗੂਜਰੀ ਕੀ ਵਾਰ, ਮ: ੩, ਪੰਨਾ ੫੧੦

ਪਰ ਸ਼ੋਕ ਕਿ 'ਇਕ ਦੀ ਸੇਵਾ' ਦੇ ਦਾਅਵੇਦਾਰ ਉਲਟੇ ਮਾਇਆ ਦੀ ਸੇਵਾ ਵਿਚ ਲਥ ਪਥ ਹੋਣ। ਕੀ ਮਾਇਆ ਦੇ ਸੇਵਣਹਾਰਿਆਂ ਉਤੇ 'ਇਕ ਦੇ ਉਪਾਸ਼ਕ ਹੋਣ' ਵਾਲਾ ਪਦ ਘਟ ਸਕਦਾ ਹੈ? ਕਦੇ ਨਹੀਂ। ਸਗੋਂ ਮਾਇਆ-ਪ੍ਰਸਤ ਪੱਕੇ ਬੁੱਤ-ਪ੍ਰਸਤ ਹਨ, ਵਾਹਿਦ-ਪ੍ਰਸਤ ਨਹੀਂ।

ਇਸ ਬੁੱਤ-ਪ੍ਰਸਤੀ ਦਾ ਸਰੂਪ ਇਕ ਨਹੀਂ, ਅਨੇਕ ਹਨ; ਪਰ ਸਮੁੱਚੀ ਬੁੱਤ-ਪ੍ਰਸਤੀ ਦਾ ਨਿਰਣਾ ਗੁਰੂ ਮਹਾਰਾਜ ਇਸ ਬਿਧ ਉਘੇੜ ਕੇ ਦਸਦੇ ਹਨ —

ਇਹੁ ਮਿਰਤਕੁ ਮੜਾ ਸਰੀਰੁ ਹੈ, ਸਭੁ ਜਗੁ, ਜਿਤੁ ਰਾਮਨਾਮੁ ਨਹੀ ਵਸਿਆ ॥
[ਬਸੰਤ ਮ: ੪, ਪੰਨਾ ੧੧੯੧

ਜਿਥੇ 'ਏਕੋ ਜਪਿ' ਵਾਲੀ ਉਪਾਸ਼ਨਾ ਸੱਚੀ ਵਾਹਿਦ-ਪ੍ਰਸਤੀ ਹੈ, ਓਥੇ ਇਸ 'ਏਕੋ ਜਪਿ' ਵਾਲੇ ਭਾਵ ਦੇ ਵਿਰਦ ਤੋਂ ਕੋਰਾਪਣ।

ਸਾ ਰਸਨਾ ਜਲਿ ਜਾਉ, ਜਿਨਿ ਹਰਿ ਕਾ ਸੁਆਉ ਨ ਪਾਇਆ ॥ ਨਾਨਕ ਰਸਨਾ ਸਬਦਿ ਰਸਾਇ, ਜਿਨਿ ਹਰਿ ਹਰਿ ਮੰਨਿ ਵਸਾਇਆ ॥੧॥
[ਬਿਹਾਗੜੇ ਕੀ ਵਾਰ, ਸਲੋਕ ਮ: ੩, ਪੰਨਾ ੫੫੦

ਵਾਲੇ ਗੁਰਵਾਕ ਅਨੁਸਾਰ ਵਿਚਾਰ ਲਵੋ ਕਿ ਕਿਤਨੀ ਕੁ ਧ੍ਰਿਗਾਕਾਰ ਕਰਾਉਣ ਵਾਲਾ ਕਸੌਦਾ ਹੈ। ਰਸਨਾ ਕਰਕੇ 'ਇਕ' ਨੂੰ ਵਿਚਾਰਨਾ ਅਤੇ ਰਸਨਾ ਕਰਕੇ 'ਇਕ' ਨੂੰ ਚਿਤਾਰਨਾ ਹੀ ਜਦ ਗੁਰਮਤਿ ਅੰਦਰ ਡਿੱਗ ਖਲੋਣਾ ਤੇ ਵਾਹਿਦ-ਪ੍ਰਸਤੀ ਵਿਚ ਤਤਪਰ ਹੋਣਾ ਹੈ, ਯਥਾ ਗੁਰਵਾਕ—

"ਸਾ ਰਸਨਾ ਜਲਿ ਜਾਉ, ਜਿਨਿ ਹਰਿ ਕਾ ਨਾਉ

www.AKJ.Org

ਵਿਸਾਰਿਆ ॥ ਨਾਨਕ ਗੁਰਮੁਖਿ ਰਸਨਾ ਹਰਿ
ਜਪੈ, ਹਰਿਕੈ ਨਾਇ ਪਿਆਰਿਆ ॥ [ਪੰਨਾ ੫੫੦

ਤਦ ਅਨੁਮਾਨ ਕਰ ਲੈਣਾ ਲੋੜੀਦਾ ਹੈ ਕਿ ਨਾਮ ਤੋਂ ਘੁਥ ਕੇ, ਅਹਿਨਿਸ ਧੰਧੇ ਧਾਵਨੀਆਂ ਵਿਚ ਲਥ ਪਥ ਹੋਣਾ 'ਇਕ ਦੀ ਉਪਾਸ਼ਨਾ' ਵਾਲੀ ਵਾਟ ਤੋਂ ਕਿਤਨੀ ਕੁ ਵਿਥ ਪਰੇਡੇ ਡਿੱਗਣਾ ਹੈ । ਨਾਮ ਨੂੰ ਵਿਸਾਰਨਹਾਰੇ ਜਿਤਨੇ ਮਾਇਆ ਦੇ ਧੰਧ ਬੰਧ ਹਨ, ਸਭ ਦੂਜੇ ਭਾਵ ਦੀ ਉਪਾਸ਼ਨਾ ਅਤੇ ਮੜ੍ਹਾ-ਪ੍ਰਸਤੀ ਹੈ । ਜੈਸੇ ਕਿ ਗੁਰੂ ਸਾਹਿਬ ਜੀ ਫੁਰਮਾਉਂਦੇ ਹਨ —

'ਜਗਤੁ ਅਗਿਆਨੀ ਅੰਧੁ ਹੈ, ਦੂਜੈ ਭਾਇ ਕਰਮ
ਕਮਾਇ ॥ ਦੂਜੈ ਭਾਇ ਜੇਤੇ ਕਰਮ ਕਰੇ,
ਦੁਖੁ ਲਗੈ ਤਨਿ ਧਾਇ ॥

[ਵਡਹੰਸ ਕੀ ਵਾਰ, ਸਲੋਕ ਮ: ੩, ਪੰਨਾ ੫੯੩

ਨਾਲ ਲਗਦੇ ਹੀ ਏਨ੍ਹਾਂ ਧੰਧ-ਬੰਧ ਦੇ ਦੁਖਦਾਈ ਦੁਹਿਕਰਮਾਂ ਤੋਂ ਹਟਾਵਣ ਹਿਤ "ਇਕ" ਦੀ ਉਪਾਸ਼ਨਾ ਗੁਰੂ ਮਹਾਰਾਜ ਇਸ ਤਰ੍ਹਾਂ ਦ੍ਰਿੜ੍ਹਾਉਂਦੇ ਹਨ —

"ਗੁਰ ਪਰਸਾਦੀ ਸੁਖੁ ਊਪਜੈ, ਜਾ ਗੁਰ ਸਬਦੁ
ਕਮਾਇ ॥ ਸਚੀ ਬਾਣੀ ਕਰਮ ਕਰੇ, ਅਨਦਿਨੁ
ਨਾਮੁ ਧਿਆਇ ॥ [ਪੰਨਾ ੫੯੫

ਜਦ ਤਾਈਂ ਕਿ ਮਨ ਮਾਇਆ ਦੀਆਂ ਅਨੇਕ ਪ੍ਰਕਾਰ ਦੀਆਂ ਲਹਿਰਾਂ ਵਿਚ ਗੋਤੇ ਖਾ ਰਿਹਾ ਹੈ ਅਤੇ 'ਇਕ' ਵਲ ਨਹੀਂ ਆਉਂਦਾ, ਉਦੋਂ ਤਕ ਦੂਜੇ ਭਾਵ ਦੀ ਉਪਾਸ਼ਨਾ ਅਰਥਾਤ ਬੁਤ-ਪ੍ਰਸਤੀ ਦੇ ਹੜ੍ਹ ਵਿਚ ਹੀ ਰੁੜ੍ਹਿਆ ਜਾਂਦਾ ਸਮਝਿਆ ਜਾਣਾ ਚਾਹੀਦਾ ਹੈ । ਅਸੀਂ ਗੁਰੂ ਦੇ ਸਿੱਖ ਦੀ ਹੈਸੀਅਤ ਵਿਚ 'ਇਕ' ਦੇ ਉਪਾਸ਼ਕ ਸਦਾਵਣਹਾਰੇ ਕਦਾਚਿਤ ਬੁਤ-ਪ੍ਰਸਤੀ ਦੇ ਕਲੰਕ ਤੋਂ ਨਹੀਂ ਬਚ ਸਕਦੇ ਜਦ ਤਾਈਂ ਕਿ ਅਸੀਂ ਮਾਇਆ ਦੇ ਅਡੰਬਰਾਂ ਵਿਚ ਰਚੇ ਪਚੇ ਤੇ ਮੋਹ ਮਮਤਾ ਵਿਚ ਗ੍ਰਸਤ ਹੋਏ 'ਇਕ' ਦੇ ਸਰੂਪ ਤੋਂ ਕੋਰੇ ਅਗਿਆਤ ਫਿਰਦੇ ਹਾਂ । ਜੇ ਕੰਚਨ ਨਾਰੀ ਸਿਉ ਜੀਉ ਲੁਭਾਇਮਾਨ ਹੈ ਤਦ ਭੀ ਬੁਤ-ਪ੍ਰਸਤ । ਜੇ ਸੁਤ ਮੀਤ ਕੁਟੰਬ ਦੇ ਫੇੜਿਆਂ ਵਿਚ ਫਾਥੇ ਹੋਏ ਹਨ ਤਦ ਭੀ ਬੁਤ-ਪ੍ਰਸਤ । ਸੋਭਾ ਅਤੇ ਵਡਿਆਈ ਦੇ ਪਾਤਰ ਬਣਨ ਹਿਤ ਧਰਮ ਦੀ ਆੜ ਲੈਂਦੇ ਹੋਏ, ਪ੍ਰਪੰਚ ਅਖਾੜੇ ਰਚਦੇ ਹਨ, ਤਦ ਭੀ ਬੁਤ-ਪ੍ਰਸਤ । ਗੱਲ ਕੀ, ਮਾਇਆ ਨਾਲ ਮਨੂਰ ਹੋਏ ਹੋਏ ਮਨ ਨੂੰ ਮਾਇਆ ਦਾ ਰੂਪ ਹੀ ਸਮਝੋ । ਉਥੇ 'ਇਕ' ਦੀ ਆਸ ਕਿਥੇ ? ਉਥੇ ਤਾਂ ਬਸ ਮਾਇਆ ਹੀ ਮਾਇਆ । ਅਠੋਂ ਪਹਿਰ ਮਾਇਆ ਦੀਆਂ ਹੀ ਚਿਤਵਣੀਆਂ, ਮਾਇਆ ਦੀਆਂ ਸੋਚਾਂ, ਮਾਇਆ ਦੀਆਂ ਹੀ ਗੱਲਾਂ ਅਤੇ ਮਾਇਆ ਦੀਆਂ ਹੀ ਧਾਵਨੀਆਂ ਰਹਿੰਦੀਆਂ ਹਨ । ਮਾਇਆ ਦੇ ਅਨੇਕ ਪਰਕਾਰ ਦੇ ਅਡੰਬਰਾਂ ਨੂੰ ਗੁਰੂ ਸਾਹਿਬ ਇਸ ਬਿਧ ਤ੍ਰਿਸਕਾਰ ਕੇ ਮਾਇਆ-ਗ੍ਰਸਤ ਜੀਵਾਂ ਦੀ ਮਾਇਆ ਵਲੋਂ ਉਪਰਾਮਤਾ ਕਰਾਇਆ ਚਾਹੁੰਦੇ ਹਨ; ਯਥਾ ਗੁਰਵਾਕ —

ਸੁਣਿ ਬਾਵਰੇ ਤੂ ਕਾਏ ਦੇਖਿ ਭੁਲਾਨਾ ॥ ਸੁਣਿ
ਬਾਵਰੇ ਨੇਹੁ ਕੂੜਾ ਲਾਇਓ, ਕੁਸੰਭ ਰੰਗਾਨਾ ॥
ਕੂੜੀ ਡੇਖਿ ਭੁਲੋ, ਅਢੁ ਲਹੈ ਨ ਮੁਲੋ, ਗੋਵਿੰਦ
ਨਾਮੁ ਮਜੀਠਾ ॥ ਥੀਵਹਿ ਲਾਲਾ ਅਤਿ ਗੁਲਾਲਾ,
ਸਬਦੁ ਚੀਨਿ ਗੁਰ ਮੀਠਾ ॥ ਮਿਥਿਆ ਮੋਹਿ
ਮਗਨੁ ਥੀ ਰਹਿਆ, ਝੂਠ ਸੰਗਿ ਲਪਟਾਨਾ ॥
ਨਾਨਕ ਦੀਨ ਸਰਣਿ ਕਿਰਪਾ ਨਿਧਿ, ਰਾਖੁ
ਲਾਜ ਭਗਵਾਨਾ ॥੧॥

[ਸੂਹੀ ਛੰਤ ਮ: ੫, ਪੰਨਾ ੭੭

ਇਕ ਦੀ ਉਪਾਸ਼ਨਾ ਦਾ ਅਟੱਲ ਹੁਕਮ ਦਿੰਦੇ ਹੋਏ ਗੁਰੂ ਸਾਹਿਬ ਦੂਤੀ ਉਪਾਸ਼ਨਾ ਦਾ ਅਭਾਵ, ਨਾਲ ਹੀ ਨਾਲ ਫੇਰ ਇਸ ਬਿਧ ਕਰਾਉਂਦੇ ਹਨ :—

ਸੁਣਿ ਬਾਵਰੇ ਸੇਵਿ ਠਾਕੁਰੁ ਨਾਥੁ ਪੁਰਾਣਾ ॥ ਸੁਣਿ
ਬਾਵਰੇ ਜੋ ਆਇਆ ਤਿਸੁ ਜਾਣਾ ॥ ਨਿਹਚਲੁ
ਹਭ ਵੈਸੀ ਸੁਣਿ ਪਰਦੇਸੀ ਸੰਤ ਸੰਗਿ ਮਿਲਿ
ਰਹੀਐ ॥ ਹਰਿ ਪਾਈਐ ਭਾਗੀ ਸੁਣਿ ਬੈਰਾਗੀ,
ਚਰਣ ਪ੍ਰਭੂ ਗਹਿ ਰਹੀਐ ॥ ਏਹੁ ਮਨੁ ਦੀਜੈ
ਸੰਕ ਨ ਕੀਜੈ, ਗੁਰਮੁਖਿ ਤਜਿ ਬਹੁ ਮਾਣਾ ॥
ਨਾਨਕ ਦੀਨ ਭਗਤ ਭਵ ਤਾਰਣ, ਤੇਰੇ ਕਿਆ ਗੁਣ
ਆਖਿ ਵਖਾਣਾ ॥੨॥ [ਪੰਨਾ ੭੭੭

ਇਸ ਦੇ ਅਗਲੇਰੇ ਨਾਲ ਲਗਦੇ ਗੁਰ ਪਰਮਾਣ ਅੰਦਰ ਮਾਯਾਵੀ ਮਾਣ ਵਾਲੀ ਦੂਤੀ ਉਪਾਸ਼ਨਾ ਦਾ ਅਭਾਵ ਹੀ 'ਇਕ' ਦੀ ਉਪਾਸ਼ਨਾ ਨੂੰ ਦ੍ਰਿੜ੍ਹ ਕਰਾਉਣ ਹਿਤ ਕਰਾਉਂਦੇ ਹਨ । ਯਥਾ :—

ਸੁਣਿ ਬਾਵਰੇ ਕਿਆ ਕੀਚੈ ਕੂੜਾ ਮਾਨੋ ॥ ਸੁਣਿ


www.AKJ.Org

ਬਾਵਰੇ ਹਭੁ ਵੈਸੀ ਗਰਬੁ ਗੁਮਾਨੈ ॥ ਨਿਹਚਲੁ ਹਭ ਜਾਣਾ ਮਿਥਿਆ ਮਾਣਾ, ਸੰਤ ਪ੍ਰਭੂ ਹੋਇ ਦਾਸਾ ॥ ਜੀਵਤ ਮਰੀਐ ਭਉਜਲੁ ਤਰੀਐ, ਜੇ ਥੀਵੈ ਕਰਮਿ ਲਿਖਿਆਸਾ ॥ ਗੁਰੁ ਸੇਵੀਜੈ ਅੰਮ੍ਰਿਤੁ ਪੀਜੈ, ਜਿਸੁ ਲਾਵਹਿ ਸਹਜਿ ਧਿਆਨੋ ॥ ਨਾਨਕੁ ਸਰਣਿ ਪਇਆ ਹਰਿ ਦੁਆਰੈ, ਹਉ ਬਲਿ ਬਲਿ ਸਦ ਕੁਰਬਾਨੋ ॥੩॥

[ਪੰਨਾ ੭੭੭

ਅਸਲ ਗੱਲ ਇਹ ਹੈ ਕਿ ਕੂੜਾਵੀ ਮਾਣ-ਮਹੱਤਤਾ ਵਾਲੀ ਚਾਰ ਦਿਹਾੜੇ ਦੀ ਸੋਭਾ ਉਨ੍ਹਾਂ ਦੇ ਚਿੱਤਾਂ ਤੇ ਹੀ ਪਰਬਲ ਹੈ ਜਿਨ੍ਹਾਂ ਦੇ ਰਿਦੰਤਰ "ਇਕ" ਦੀ ਉਪਾਸ਼ਨਾ ਦੀ ਸਚੀ ਸਿਕ ਨਹੀਂ ਉਪਜਦੀ । ਇਸ ਸੱਚੀ ਸਿੱਕ ਤੋਂ ਊਣੇ ਝੂਣੇ ਲੋਕ, ਦੂਜੇ ਭਾਵ ਦੇ ਵਹਿਣ ਵਿਚ ਰੁੜ੍ਹੇ ਚਲੇ ਜਾ ਰਹੇ ਹਨ । ਅਤੇ ਨਲੂ ਕਿਤੇ ਭੀ ਨਹੀਂ ਪੈਂਦੀ। ਆਮ ਲੋਕ ਰੁੜ੍ਹਨ ਤਾਂ ਪਏ ਰੁੜ੍ਹਨ, ਕਿਉਂਕਿ—

ਕਬੀਰ ਨਿਗੁਸਾਏਂ ਬਹਿ ਗਏ, ਥਾਂਘੀ ਨਾਹੀ ਕੋਇ ॥ [ਪੰਨਾ ੧੩੬੭

ਗੁਰਵਾਕ ਅਨੁਸਾਰ ਨਿਖਸਮਿਆਂ ਨੂੰ ਤਾਂ ਥਾਂਘੀ ਨਹੀਂ ਮਿਲਿਆ, ਪਰ ਜਿਨ੍ਹਾਂ ਦਾ "ਇਸ਼ਟ ਦੇਵ" 'ਇਕ' ਦੇ ਸਾਂਗੋ ਪਾਂਗ ਦਿਖਾਵਣਹਾਰਾ, 'ਇਕ' ਦੀ ਉਪਾਸ਼ਨਾ ਨੂੰ ਦ੍ਰਿੜ੍ਹਾਵਣਹਾਰਾ, ਦੂਤੀ ਉਪਾਸ਼ਨਾ ਦਾ ਖੁਰਾ ਖੋਜ ਮਿਟਾਵਣਹਾਰਾ ਸੱਚਾ ਗੁਰੂ 'ਗੁਰ ਨਾਨਕ ਦੇਵ' ਹੋਵੇ, ਜੇ ਉਹ ਭੀ ਕਿਸੇ ਵਹਿਣ ਵਿਚ ਰੁੜ੍ਹੇ ਚਲੇ ਜਾਣ ਤਦ ਸਮਝ ਲਉ ਕਿ ਉਹ ਗੁਰਮਤਿ ਦੇ 'ਇਕ' ਦੀ ਉਪਾਸ਼ਨਾ ਵਾਲੇ ਅਸੂਲ ਦੀ ਹਾਨੀ ਕਰਾਵਣਹਾਰੇ ਹਨ। ਅਤੇ ਗੁਰਮਤਿ ਨੂੰ ਮਨਮਤਿ ਵਿਚ ਖਿਚੀ ਲਈ ਜਾਂਦੇ ਹਨ। ਅਸੀਂ ਗੁਰੂ ਦੇ ਸਿਖ ਸਦਾਵਣ-ਹਾਰਿਆਂ ਦੀ ਵਰਤਮਾਨ ਨਿਘਰਦੀ ਜਾਂਦੀ ਦਸ਼ਾ ਨੂੰ ਉਘੇੜਨ ਦੇ ਖਲਜਗਣ ਵਿਚ ਪੈਣਾ ਮੁਨਾਸਿਬ ਨਹੀਂ ਸਮਝਦੇ, ਏਥੇ ਕੇਵਲ ਏਤਨਾ ਹਲੂਣਾ ਦੇਣਾ ਹੀ ਯੋਗ ਹੈ ਕਿ ਆਪੋ ਆਪਣੀਆਂ ਬੁਕਲਾਂ ਵਿਚ ਮੂੰਹ ਪਾ ਕੇ ਅਸਾਡੇ ਪੰਥ ਦੇ ਭੂਸ਼ਨਾਂ ਨੂੰ ਅਤੇ ਪੰਥ-ਆਗੂਆਂ ਤੇ ਸਿਖ ਸਜਣਾਂ ਨੂੰ ਭਲੀ ਪਰਕਾਰ ਦੇਖ ਲੈਣਾ ਚਾਹੀਦਾ ਹੈ ਕਿ ਅਸੀਂ 'ਇਕ' ਦੀ ਉਪਾਸ਼ਨਾ ਵਾਲੇ ਅਸੂਲ ਉਤੇ ਕਿਥੋ ਤਾਈਂ ਚਲ ਰਹੇ ਹਾਂ ਅਤੇ ਕਿੰਨੇ ਕੁ ਇਸ ਅਸੂਲ ਤੋਂ ਔਝੜੇ ਪਏ ਫਿਰ ਰਹੇ ਹਾਂ।

[ਪੁਸਤਕ 'ਗੁਰਮਤਿ ਲੇਖ' ਵਿਚੋਂ

# ਗੁਰਦਵਾਰਾ ਬਰਛਾ ਸਾਹਿਬ ਧਨਪੁਰ ਢਾਕਾ

ਬੀਤੇ ਮਈ ਦੇ ਪਰਚੇ ਵਿਚ ਛਪੇ "ਬੀਬੀ ਨੂਰਸ਼ਾਹ" ਦੇ ਲੇਖ ਬਾਰੇ ਗਿਆਨੀ ਗੁਰਬਚਨ ਸਿੰਘ ਜੀ ਮੈਨੇਜਰ ਤਖ਼ਤ ਸ੍ਰੀ ਪਟਨਾ ਸਾਹਿਬ ਲਿਖਦੇ ਹਨ ਕਿ ਉਹਨਾਂ ਨੇ ਜਨਵਰੀ ੧੯੭੨ ਵਿਚ ਬੰਗਲਾ ਦੇਸ਼ ਦੇ ਗੁਰਦੁਆਰਿਆਂ ਦੀ ਭਾਲ ਕਰਦਿਆਂ ਬੀਬੀ ਨੂਰਸ਼ਾਹ ਦੇ ਅਸਥਾਨ ਦੀ ਹਾਲਤ ਇਸ ਤਰ੍ਹਾਂ ਦੇਖੀ ਹੈ ਕਿ ਇਸ ਗੁਰਦੁਆਰੇ ਦੇ ਨਿਸ਼ਾਨ ਮਿਟ ਚੁਕੇ ਹਨ ਅਤੇ ਨਾ ਹੀ ਉਥੇ ਇਤਿਹਾਸਕ ਬਰਛਾ ਕਿਤੇ ਲਭਾ ਹੈ। ਉਸ ਅਸਥਾਨ ਤੇ, ਉਥੋਂ ਦੇ ਇਕ ਸਰਕਾਰੀ ਕਰਮਚਾਰੀ ਨੇ ਆਪਣਾ ਮਕਾਨ ਬਣਾ ਲਿਆ ਹੋਇਆ ਹੈ। ਜਦ ਉਸ ਨਾਲ ਗੱਲਬਾਤ ਕੀਤੀ ਤਾਂ ਉਸ ਨੇ ਕਿਹਾ ਕਿ ਇਸ ਤਰ੍ਹਾਂ ਦੀ ਬਿਲਡਿੰਗ ਉਸ ਨੂੰ ਦਿਵਾ ਦਿਤੀ ਜਾਵੇ ਜਾਂ ਇਸ ਦੀ ਕੀਮਤ ਦੇ ਦਿਤੀ ਜਾਵੇ ਤਾਂ ਉਹ ਇਹ ਜੰਗ੍ਹਾ ਜੋ ਸਿਖਾਂ ਦੀ ਹੈ, ਤਾਂ ਦੇ ਦੇਵੇਗਾ। ਇਸ ਤੋਂ ਅਗੋਂ ਫਿਰ ਕੋਈ ਗੱਲ ਨਹੀਂ ਚਲੀ।

ਸ਼ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਨੂੰ ਚਾਹੀਦਾ ਹੈ ਕਿ ਇਸ ਯਾਦਗੀਰੀ ਅਸਥਾਨ ਨੂੰ ਪ੍ਰਾਪਤ ਕਰ ਕੇ, ਗੁਰੂ ਨਾਨਕ ਦੇਵ ਜੀ ਦੀ ਇਤਿਹਾਸਕ ਯਾਦ ਨੂੰ ਕਾਇਮ ਰਖਣ ਲਈ ਦੁਬਾਰਾ ਗੁਰਦਵਾਰਾ ਉਸਾਰਿਆ ਜਾਵੇ।



www.AKJ.Org

# ਤਪਤਿ ਮਾਹਿ ਠਾਢਿ ਵਰਤਾਈ

[ਵਲੋਂ—ਗਿਆਨੀ ਕੁੰਭੇਰ ਸਿੰਘ ਜੀ, ਫ਼ੀਰੋਜ਼ਪੁਰ ਛਾਉਣੀ]

ਤਪਤਿ ਮਾਹਿ ਠਾਢਿ ਵਰਤਾਈ ॥ ਅਨਦੁ ਭਇਆ ਦੁਖ ਨਾਠੇ ਭਾਈ ॥ [ਪੰਨਾ ੨੮੭

ਕਲਿ ਤਾਤੀ ਠਾਂਢਾ ਹਰਿ ਨਾਉ ॥ ਸਿਮਰਿ ਸਿਮਰਿ ਸਦਾ ਸੁਖ ਪਾਉ ॥ [ਪੰਨਾ ੨੮੮

ਵਿਚਾਰ ਯੋਗ ਗੱਲ ਇਹ ਹੈ ਕਿ ਉਹ ਤਪਸ਼ ਕਿਹੜੀ ਹੈ ਜਿਸ ਬਾਰੇ ਗੁਰੂ ਅਰਜਨ ਦੇਵ ਜੀ ਸੁਖਮਨੀ ਸਾਹਿਬ ਵਿਚ ਫ਼ੁਰਮਾਉਂਦੇ ਹਨ ਕਿ ਗੁਰੂ ਪਾਰਬ੍ਰਹਮ ਜੀ ਨੇ ਕਿਰਪਾ ਕਰ ਕੇ ਠੰਢ ਵਰਤਾ ਦਿਤੀ ਹੈ।

ਸ੍ਰੀ ਗੁਰੂ ਨਾਨਕ ਦੇਵ ਜੀ ਨੇ ਬਾਣੀ ਵਿਚ ਜੀਵਾਂ ਨੂੰ ਤਪਾ ਰਹੀ ਤਪਸ਼ ਦਾ ਕਈ ਥਾਈਂ ਉਲੇਖ ਕੀਤਾ ਹੈ। ਜਦੋਂ ਸਤਿਗੁਰੂ ਨਾਨਕ ਦੇਵ ਜੀ ਨੇ ਕਰਤਾਰ ਦੇ ਹੁਕਮ ਅਨੁਸਾਰ ਪ੍ਰਿਥਵੀ ਵਲ ਧਿਆਨ ਮਾਰਿਆ ਤਾਂ ਉਹਨਾਂ ਇਹੋ ਦੇਖਿਆ ਸੀ ਕਿ ਸਚੇ ਗੁਰੂ ਤੋਂ ਬਗ਼ੈਰ ਸੰਸਾਰੀ ਲੋਕ ਅਗਿਆਨਤਾ ਦੇ ਅੰਧਕਾਰ ਕਾਰਨ ਈਰਖਾ, ਦਵੈਤ, ਵੈਰ ਵਿਰੋਧ ਅਤੇ ਕਾਮ ਕ੍ਰੋਧ ਆਦਿਕ ਦੀ ਤਪਸ਼ ਨਾਲ ਜਲ ਬਲ ਰਹੇ ਹਨ। ਜਿਸ ਕਰਕੇ ਹਰ ਪਾਸੇ ਹਾਹਾਕਾਰ ਮਚੀ ਹੋਈ ਹੈ। ਇਸ ਬਾਰੇ ਭਾਈ ਗੁਰਦਾਸ ਜੀ ਜ਼ਿਕਰ ਕਰਦੇ ਹਨ ਕਿ —

ਬਾਬਾ ਦੇਖੈ ਧਜਾਨ ਧਰ ਜਲਤੀ ਸਭ ਪ੍ਰਿਥਮੀ ਦਿਸ ਆਈ ॥ ਬਾਝਹੁ ਗੁਰੂ ਗੁਬਾਰ ਹੈ, ਹੈ ਹੈ ਕਰਦੀ ਸੁਣੀ ਲੁਕਾਈ ॥ [ਵਾਰ ੧, ੨੪

ਸ੍ਰੀ ਗੁਰੂ ਨਾਨਕ ਦੇਵ ਜੀ ਨੇ ਆਪਣੀ ਬਾਣੀ ਵਿਚ ਕਥਨ ਕੀਤਾ ਹੈ ਕਿ ਸਾਕਤ ਜੀਵ ਚਾਰ ਤਰ੍ਹਾਂ ਦੀ ਭਿਆਨਕ ਅੱਗ ਦੀਆਂ ਨਦੀਆਂ ਵਿਚ ਡੁਬ ਰਹੇ ਹਨ ਅਤੇ ਝੁਲਸ ਰਹੇ ਹਨ। ਕੇਵਲ ਵਿਰਲੇ ਗੁਰਮੁਖਿ ਹੀ ਇਸ ਗੱਲ ਨੂੰ ਬੂਝ ਕੇ ਗੁਰ-ਸ਼ਬਦ ਦੁਆਰੇ ਹਰੀ ਵਾਹਿਗੁਰੂ ਨਾਲ ਲਿਵ ਲਾ ਕੇ ਹਰਿ-ਰੰਗ ਵਿਚ ਰਤੇ ਜਾਂਦੇ ਹਨ ਅਤੇ ਇਸ ਭਿਆਨਕ ਅੱਗ ਤੋਂ ਬਚ ਜਾਂਦੇ ਹਨ। ਜਿਵੇਂ ਕਿ ਮਾਰੂ ਰਾਗ ਵਿਚ ਆਪ ਫ਼ੁਰਮਾਉਂਦੇ ਹਨ :—

ਚਾਰਿ ਨਦੀ ਅਗਨੀ ਅਸਰਾਲਾ ॥ ਕੋਈ ਗੁਰਮੁਖਿ ਬੂਝੈ ਸਬਦਿ ਨਿਰਾਲਾ ॥ ਸਾਕਤ ਦੁਰਮਤਿ ਡੂਬਹਿ ਦਝਹਿ, ਗੁਰਿ ਰਾਖੇ ਹਰਿ ਲਿਵ ਰਾਤਾ ਹੇ ॥੫॥

[ਮਾਰੂ ਮ: ੧, ਪੰਨਾ ੧੦੩੧

ਮਾਝ ਦੀ ਵਾਰ ਵਿਚ ਸ੍ਰੀ ਗੁਰੂ ਨਾਨਕ ਦੇਵ ਜੀ ਹੇਠ ਲਿਖੇ ਸਲੋਕ ਵਿਚ ਇਹਨਾਂ ਚਾਰ ਨਦੀਆਂ ਦਾ ਵਰਨਣ ਇਸ ਪਰਕਾਰ ਕਰਦੇ ਹਨ :—

ਹੰਸੁ ਹੇਤੁ ਲੋਭੁ ਕੋਪੁ ਚਾਰੇ ਨਦੀਆ ਅਗਿ ॥
ਪਵਹਿ ਦਝਹਿ ਨਾਨਕਾ, ਤਰੀਐ ਕਰਮੀ ਲਗਿ ॥

[ਮਾਝ ਕੀ ਵਾਰ, ਮ: ੧, ਪੰਨਾ ੧੪੭

ਚਾਰ ਅੱਗ ਦੀਆਂ ਨਦੀਆਂ ਇਹ ਹਨ : (੧) ਹੰਸ— ਜੀਵਾਂ ਦੀ ਹਿੰਸਾ ਕਰਨੀ, ਜੀਵਾਂ ਦੀ ਹਤਿਆ ਕਰਨੀ, ਜੀਵਾਂ ਨੂੰ ਮਾਰਨਾ, ਸਤਾਣਾ, ਦੁਖੀ ਕਰਨਾ ਇਹ "ਹੰਸ" ਹੈ (ਨੋਟ :—ਹੰਸ ਪਦ ਦੇ ਹੋਰ ਵੀ ਕਈ ਅਰਥ ਹਨ)।

(੨) ਹੇਤ—ਮੋਹ। (੩) ਲੋਭ—ਲਾਲਚ। (੪) ਕੋਪ— ਕ੍ਰੋਧ, ਗੁਸਾ। ਸੋ ਇਹ ਚਾਰ ਅੱਗ ਦੀਆਂ ਨਦੀਆਂ ਲਿਖੀਆਂ ਗਈਆਂ ਹਨ।

ਤ੍ਰਿਸ਼ਨਾ ਨੂੰ ਭੀ ਗੁਰਬਾਣੀ ਵਿਚ ਅੱਗ ਦੇ ਤੁਲ ਦਸਿਆ ਗਿਆ ਹੈ।

ਤ੍ਰਿਸਨਾ ਅਗਨਿ ਜਲੈ ਸੰਸਾਰਾ ॥ ਜਲਿ ਜਲਿ ਖਪੈ ਬਹੁਤੁ ਵਿਕਾਰਾ ॥ ਮਨਮੁਖੁ ਠਉਰ ਨ ਪਾਏ ਕਬਹੂ, ਸਤਿਗੁਰ ਬੂਝ ਬੁਝਾਈ ਹੇ ॥੯॥ ਸਤਿਗੁਰੁ ਸੇਵਨਿ ਸੇ ਵਡਭਾਗੀ ॥ ਸਾਚੈ ਨਾਮਿ ਸਦਾ ਲਿਵ ਲਾਗੀ ॥ ਅੰਤਰਿ ਨਾਮੁ ਰਵਿਆ ਨਿਹਕੇਵਲੁ ਤ੍ਰਿਸਨਾ ਸਬਦਿ ਬੁਝਾਈ ਹੇ ॥੧੦॥

[ਮਾਰੂ ਸੋਲਹੇ ਮ: ੧, ਪੰਨਾ ੧੦੪੪

ਵਡੇ ਭਾਗਾਂ ਕਰਕੇ ਸਤਿਗੁਰੂ ਦੀ ਸੇਵਾ ਕੀਤੀ ਜਾਵੇ। ਸਤਿਗੁਰੂ ਤੋਂ ਨਾਮ ਦੀ ਦਾਤ ਪ੍ਰਾਪਤ ਕਰਕੇ ਸਦਾ ਲਿਵ ਲਗੀ ਰਹੇ ਤਾਂ ਜਾ ਕੇ ਇਹ ਤ੍ਰਿਸ਼ਨਾ ਬੁਝਦੀ ਹੈ।

ਗੁਰੂ ਨਾਨਕ ਦੇਵ ਜੀ ਇਹ ਵੀ ਦਸਦੇ ਹਨ ਕਿ ਹਉਮੈ ਵੀ ਅੱਗ ਦੀ ਤਰ੍ਹਾਂ ਜੀਵਾਂ ਨੂੰ ਦੁਖੀ ਕਰਦੀ ਹੈ।

ਹਉਮੈ ਜਲਿਆ ਮਨਹੁ ਵਿਸਾਰੇ ॥ ਜਮਪੁਰਿ ਵਜਹਿ ਖੜਗ ਕਰਾਰੇ ॥ [ਅਬ ਕੈ ਕਹਿਐ ਨਾਮੁ ਨ



www.AKJ.Org

ਮਿਲਈ ਤੂ ਸਹੁ ਜੀਅੜੇ ਭਾਰੀ ਜੀਉ ॥੪॥

[ਮਾਰੂ ਮਹਲਾ ੧, ਪੰਨਾ ੯੯੩

ਅਰਥਾਤ ਜੀਵ ਹਉਮੈ ਦਾ ਜਲਿਆ ਹੋਇਆ ਵਾਹਿਗੁਰੂ ਨਾਮ ਨੂੰ ਮਨੋਂ ਵਿਸਾਰ ਦੇਂਦਾ ਹੈ, ਜਿਸ ਦਾ ਸਿੱਟਾ ਇਹ ਨਿਕਲਦਾ ਹੈ ਕਿ ਮਰਨ ਤੋਂ ਪਿਛੋਂ ਜਮਪੁਰੀ ਵਿਚ ਜਮਾਂ ਦੀਆਂ ਤਲਵਾਰਾਂ ਦੀਆਂ ਕਰਾਰੀਆਂ ਸੱਟਾਂ ਇਸ ਨੂੰ ਵਜਦੀਆਂ ਹਨ। ਸ੍ਰੀ ਗੁਰੂ ਜੀ ਫ਼ੁਰਮਾਉਂਦੇ ਹਨ ਕਿ ਅਜਿਹੀ ਮਾਰ ਤੋਂ ਬਚਣ ਵਾਸਤੇ ਤਾਂ ਨਾਮ ਦੀ ਲੋੜ ਸੀ। ਉਸ ਸਮੇਂ ਭਾਵੇਂ ਇਹ ਨਾਮ ਮੰਗੇ, ਪਰ ਨਾਮ ਨਹੀਂ ਮਿਲ ਸਕਦਾ। ਇਸ ਲਈ ਹੁਣ ਤੂੰ ਆਪਣੀ ਕੀਤੀ ਭੁਗਤ ਤੇ ਪਈ ਬਿਪਤਾ ਨੂੰ ਸਹਾਰ। ਇਹ ਜੀਵ ਜਮਾਂ ਅਗੇ ਭੀ ਭਾਵੇਂ ਇਹੋ ਪੁਕਾਰ ਕਰੇ ਪਰ ਜਮ ਵੀ ਇਹੋ ਜੁਆਬ ਦੇਂਦੇ ਹਨ ਕਿ ਜਦੋਂ ਨਾਮ ਜਪਣ ਦਾ ਵੇਲਾ ਸੀ, ਤੂੰ ਗਵਾ ਦਿਤਾ, ਤੇ ਹੁਣ ਤੈਨੂੰ ਨਾਮ ਦੀ ਦਾਤ ਕਿਥੋਂ ਮਿਲਣੀ ਹੈ। ਇਸ ਲਈ ਹੁਣ ਆਪਣੀ ਕੀਤੇ ਦੀ ਸਜ਼ਾ ਭੁਗਤ।

ਜਿਥੇ ਕਿ ਅੰਦਰੂਨੀ ਵਿਕਾਰਾਂ ਦੀ ਤਪਸ਼ ਤੋਂ ਬਚਣ ਲਈ ਇਸ ਨੂੰ ਨਾਮ ਸਹਾਈ ਹੁੰਦਾ ਹੈ ਉਥੇ ਬਾਹਰ ਦੀ ਤਪਸ਼ ਤੋਂ ਬਚਣ ਲਈ ਵੀ ਨਾਮ ਸਹਾਈ ਹੁੰਦਾ ਹੈ। ਮਾਤਾ ਦੀ ਗਰਭ-ਅਗਨੀ ਦਾ ਭੀ ਗੁਰਬਾਣੀ ਵਿਚ ਕਈ ਥਾਈਂ ਜ਼ਿਕਰ ਆਉਂਦਾ ਹੈ। ਉਥੇ ਵੀ ਜੀਵ ਸਿਮਰਨ ਦੇ ਪਰਤਾਪ ਨਾਲ ਬਚਿਆ ਰਹਿੰਦਾ ਹੈ। ਦੇਖੋ ਗੁਰ ਪੰਚਮ ਪਾਤਸ਼ਾਹ ਜੀ ਫ਼ੁਰਮਾਂਦੇ ਹਨ :—

ਉਰਧ ਮੁਖੁ ਕੁਚੀਲ ਬਿਕਲੁ ਨਰਕਿ ਘੋਰਿ ਗੁਬਾਰਿ ॥ ਹਰਿ ਸਿਮਰਤ ਤੂੰ ਨਾ ਜਲਹਿ, ਮਨਿ ਤਨਿ ਉਰਧਾਰਿ ॥

[ਜੈਤਸਰੀ ਕੀ ਵਾਰ, ਪੰਨਾ ੭੦੬

ਸਮਝਾਂਦੇ ਹਨ ਕਿ ਐ ਜੀਵ! ਮਾਤਾ ਦੇ ਗਰਭ ਵਿਚ ਉਲਟਾ ਮੂੰਹ ਭਾਰ, ਅਪਵਿਤਰ ਸਥਾਨ ਘੋਰ ਨਰਕ ਦੇ ਹਨੇਰੇ ਵਿਚ ਵਿਆਕੁਲ ਹੋ ਕੇ ਜਦੋਂ ਤੂੰ ਪਿਆ ਸੀ ਉਥੇ ਤੂੰ ਵਾਹਿਗੁਰੂ ਦੇ ਸਿਮਰਨ ਦੁਆਰਾ ਨਹੀਂ ਜਲਿਆ ਸੀ, ਇਸ ਲਈ ਹੁਣ ਵੀ ਤੂੰ ਮਨ ਤਨ ਤੇ ਰਿਦੇ ਵਿਚ ਉਸ ਵਾਹਿਗੁਰੂ ਦੇ ਸਿਮਰਨ ਨੂੰ ਧਾਰਨ ਕਰ।

ਇਸ ਦਸ਼ਾ ਨੂੰ ਇਸ ਤਰ੍ਹਾਂ ਵੀ ਬਿਆਨ ਕੀਤਾ ਹੈ :—

ਸੰਜੋਗੁ ਵਿਜੋਗੁ ਧੁਰਹੁ ਹੀ ਹੂਆ ॥ ਪੰਚ ਧਾਤੁ ਕਰਿ ਪੁਤਲਾ ਕੀਆ ॥ ਸਾਹੈ ਕੈ ਫੁਰਮਾਇਅੜੈ ਜੀ ਦੇਹੀ ਵਿਚਿ ਜੀਉ ਆਇ ਪਇਆ ॥੧॥ ਜਿਥੈ ਅਗਨਿ ਭਖੈ ਭੜਹਾਰੇ ॥ ਊਰਧ ਮੁਖ ਮਹਾ ਗੁਬਾਰੇ ॥ ਸਾਸਿ ਸਾਸਿ ਸਮਾਲੇ ਸੋਈ ਓਥੈ ਖਸਮਿ ਛਡਾਇ ਲਇਆ ॥੨॥ ਵਿਚਹੁ ਗਰਭੈ ਨਿਕਲਿ ਆਇਆ ॥ ਖਸਮੁ ਵਿਸਾਰਿ ਦੁਨੀ ਚਿਤੁ ਲਾਇਆ ॥ ਆਵੈ ਜਾਇ ਭਵਾਈਐ ਜੋਨੀ, ਰਹਣੁ ਨ ਕਿਤਹੀ ਥਾਇ ਭਇਆ ॥੩॥

[ਮਾਰੂ ਅੰਜੁਲੀ ਮ: ੫, ਪੰਨਾ ੧੦੦੭

ਸੋ ਇਹ ਤੇ ਦਸਿਆ ਹੈ ਮਾਤਾ ਦੇ ਗਰਭ ਵਿਚ ਜੀਵ ਦਾ ਹਾਲ। ਹੁਣ ਦੇਖੋ ਮੰਦੇ ਕਰਮਾਂ ਅਤੇ ਪਾਪਾਂ ਕਰਕੇ ਜੀਵ ਨੂੰ ਅਗੇ ਜਾ ਕੇ ਕਿਸ ਕਿਸ ਕਿਸਮ ਦੀ ਤਪਸ਼ ਦੇ ਤਾਓ ਸਹਿਣੇ ਪੈਂਦੇ ਹਨ।

ਆਗੈ ਬਿਮਲ ਨਦੀ ਅਗਨਿ ਬਿਖੁ ਝੇਲਾ ॥ ਤਿਥੈ ਅਵਰੁ ਨ ਕੋਈ ਜੀਉ ਇਕੇਲਾ ॥ ਭੜ ਭੜ ਅਗਨਿ ਸਾਗਰੁ ਦੇ ਲਹਰੀ, ਪੜਿ ਦਝਹਿ ਮਨਮੁਖਤਾਈ ਹੇ ॥ [ਮਾਰੂ ਮ: ੧, ਪੰਨਾ ੧੦੨੬

ਦਸਦੇ ਹਨ ਕਿ ਅਗੇ ਇਕ ਮਲ ਭਰੀ ਵੈਤਰਨੀ ਨਦੀ ਹੈ ਅਤੇ ਅੱਗ ਦਾ ਕੁੰਡ ਹੈ। ਇਹ ਕੁੰਡ ਵੀ ਦਸ ਹਜ਼ਾਰ ਜੋਜਨ ਦਾ ਦਸੀਦਾ ਹੈ। ਫਿਰ ਵਿਹੁ (ਬਿਖ) ਦੇ ਪਤਿਆਂ ਵਾਲਾ ਇਕ ਬਣ (ਝੇਲਾ) ਵੀ ਉਥੇ ਦਸੀਦਾ ਹੈ। ਇਥੋਂ ਮਨਮੁਖਾਂ ਪਾਪੀਆਂ ਦਾ ਜੀਉ ਇਸ ਲੋਕ ਤੋਂ ਪਿਆਨਾ ਕਰਕੇ ਉਥੋਂ ਦੇ ਅਸਹਿ ਦੁਖ ਭੋਗਦਾ ਹੈ। ਗੁਰੂ ਜੀ ਦਸਦੇ ਹਨ ਕਿ ਉਥੇ ਭੱਠ ਦੀ ਤਰ੍ਹਾਂ ਅੱਗ ਬਲਦੀ ਤੇ ਭੜਕਦੀ ਹੈ, ਜਿਸ ਵਿਚ ਮਨਮੁਖਾਂ ਦਾ ਜੀਉ ਸੜਦਾ ਤੇ ਤਪਦਾ ਹੈ। ਗੁਰੂ ਨਾਨਕ ਦੇਵ ਜੀ ਇਕ ਹੋਰ ਥਾਂ ਇਸ ਭਿਆਨਕ ਦ੍ਰਿਸ਼ ਨੂੰ ਨਿਰੂਪਨ ਕਰਦੇ ਹਨ :—

ਜਿਥੈ ਸਾਇਰੁ ਲੰਘਣਾ ਅਗਨਿ ਪਾਣੀ ਅਸਗਾਹ ॥
ਕੰਧੀ ਦਿਸਿ ਨ ਆਵਈ ਧਾਹੀ ਪਵੈ ਕਹਾਹ ॥
ਨਾਨਕ ਓਥੈ ਜਾਣੀਅਹਿ ਸਾਹ ਕੇਈ ਪਾਤਿਸਾਹ ॥

[ਮਲਾਰ ਕੀ ਵਾਰ, ਮ: ੧, ਪੰਨਾ ੧੨੮੭

ਗੁਰੂ ਜੀ ਫੁਰਮਾਉਂਦੇ ਹਨ ਕਿ ਜਿਥੇ ਅੱਗ ਤੇ ਪਾਣੀ ਇੰਨਾ ਹੈ ਕਿ ਜਿਸ ਦਾ ਹੱਦ ਬੰਨਾ ਕੋਈ ਨਹੀਂ, ਉਸ ਦੀ


www.AKJ.Org

ਥਾਹ ਕੋਈ ਨਹੀਂ, ਉਥੇ ਧਾਹਾਂ ਪੈਂਦੀਆਂ ਤੇ ਰੋਣ ਦੀ ਕੁਰਲਾਹਟ ਮੱਚੀ ਹੁੰਦੀ ਹੈ, ਤੇ ਉਥੇ ਜਾਣਿਆ ਜਾਂਦਾ ਹੈ ਕਿ ਸ਼ਾਹ ਕਿਹੜਾ ਹੈ ਤੇ ਪਾਤਸ਼ਾਹ ਕਿਹੜਾ ਹੈ। ਭਾਵ ਇਹ ਹੈ ਕਿ ਜੋ ਇਥੇ ਸ਼ਾਹ ਪਾਤਸ਼ਾਹ ਪਾਪ ਕਰਮ ਕਰਦੇ ਹਨ, ਉਥੇ ਉਹਨਾਂ ਨੂੰ ਇਹੋ ਜਿਹੇ ਥਾਂ ਕੌਣ ਪਾਤਸ਼ਾਹ ਜਾਂ ਸ਼ਾਹ ਮੰਨਦਾ ਹੈ।

ਇਹ ਕੁਝ ਲਿਖਣ ਦਾ ਮਨੋਰਥ ਕੇਵਲ ਇਹੋ ਦਸਣਾ ਹੈ ਕਿ ਨਾਮ ਵਿਹੂਣੇ ਜੀਵ ਇਥੇ ਵੀ ਤੇ ਪਰਲੋਕ ਵਿਚ ਵੀ ਅਨਿਕ ਪ੍ਰਕਾਰ ਦੀ ਤਪਸ਼ ਨਾਲ ਦੁਖੀ ਹੁੰਦੇ ਹਨ। ਇਹੋ ਜਿਹੀ ਅਨਿਕ ਪ੍ਰਕਾਰੀ ਤਪਸ਼ ਤੋਂ ਬਚਣ ਦਾ ਇਕੋ ਇਕ ਉਪਾਅ ਹੈ ਕਿ ਗੁਰੂ ਵਾਲੇ ਬਣ ਕੇ ਵਾਹਿਗੁਰੂ-ਨਾਮ ਦਾ ਸਿਮਰਨ ਕੀਤਾ ਜਾਇ। ਜਿਵੇਂ ਕਿ ਗੁਰੂ ਜੀ ਫੁਰਮਾਉਂਦੇ ਹਨ :—

ਜਹ ਮਹਾ ਭਇਆਨ ਤਪਤਿ ਬਹੁ ਘਾਮ ॥ ਤਹ
ਹਰਿ ਕੇ ਨਾਮ ਕੀ ਤੁਮ ਊਪਰਿ ਛਾਮ ॥
[ਸੁਖਮਨੀ ਸਾਹਿਬ, ਪੰਨਾ ੨੬੪

ਅਤੇ ਅੰਦਰ ਦੀ ਤਪਸ਼ ਵੀ ਹਰਿ ਨਾਮ ਨਾਲ ਦੂਰ ਹੁੰਦੀ ਹੈ :—

ਚੰਦਨ ਚੰਦੁ ਨ ਸਰਦ ਰੁਤਿ ਮੂਲਿ ਨ ਮਿਟਈ
ਘਾਮ ॥ ਸੀਤਲੁ ਥੀਵੈ ਨਾਨਕਾ ਜਪੰਦੜੋ ਹਰਿ
ਨਾਮੁ ॥ [ਜੈਤਸਰੀ ਕੀ ਵਾਰ, ਪੰਨਾ ੭੦੯

ਅਰਥਾਤ ਚੰਦਰਮਾ ਦੀ ਠੰਡੀ ਚਾਨਣੀ, ਚੰਦਨ ਦੀ ਠੰਡੀ ਸੁਗੰਧੀ ਤੇ ਸਿਆਲ ਦੀ ਠੰਡੀ ਰੁਤ ਵੀ ਅੰਦਰ ਦੀ ਜਲਨ ਦੂਰ ਕਰਨ ਲਈ ਸਹਾਈ ਨਹੀਂ, ਇਹ ਤਾਂ ਕੇਵਲ ਹਰੀ ਨਾਮ ਦੇ ਜਾਪ ਨਾਲ ਹੀ ਦੂਰ ਹੋ ਸਕਦੀ ਹੈ ਅਤੇ ਅੰਦਰ ਠੰਡ ਵਰਤ ਸਕਦੀ ਹੈ।

ਏਸੇ ਵਾਸਤੇ ਲਿਖਿਆ ਹੈ ਕਿ ਜੋ ਨਾਮ ਸਿਮਰਨ ਕਰਨ ਵਾਲੇ ਹਨ ਉਹੀ ਅਸਲੀ ਅਰਥਾਂ ਵਿਚ ਸੀਤਲ ਹਨ :—

ਨਹ ਸੀਤਲੰ ਚੰਦ੍ਰ ਦੇਵਹ, ਨਹ ਸੀਤਲੰ ਬਾਵਨ
ਚੰਦਨਹ ॥ ਨਹ ਸੀਤਲੰ ਸੀਤ ਰੁਤੇਣ, ਨਾਨਕ
ਸੀਤਲੰ ਸਾਧ ਸ੍ਵਜਨਹ ॥੩੯॥
[ਸਲੋਕ ਸਹਸਕ੍ਰਿਤੀ ਮ: ੫, ੧੩੫੭

ਇਸ ਲਈ ਸਤਿਗੁਰੂ ਸਚੇ ਪਾਤਸ਼ਾਹ ਸਚੜੇ ਸਾਧ ਆਪ ਅਜਿਹੇ ਸੀਤਲ ਹਨ ਕਿ ਉਹਨਾਂ ਨਾਲ ਸਪਰਸ਼ ਕਰ ਕੇ ਬਾਕੀ ਲੁਕਾਈ ਵੀ ਤ੍ਰਿਸ਼ਨਾ ਦੀ ਦਾਧੀ (ਸੜੀ ਹੋਈ) ਅਜਿਹੀ ਸੀਤਲ ਹੋ ਜਾਂਦੀ ਹੈ ਕਿ ਮੁੜ ਫਿਰ ਅਜਿਹੀ ਜਲਨ ਤੋਂ ਬਚੀ ਹੀ ਰਹਿੰਦੀ ਹੈ।

(੨)

'ਕੱਲ' ਭੱਟ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਗੁਣ ਗਾਉਂਦਾ ਹੋਇਆ ਕਹਿੰਦਾ ਹੈ —

ਸਦ ਜੀਵਣੁ ਅਰਜੁਨੁ ਅਮੋਲੁ ਆਜੋਨੀ ਸੰਭਉ ॥
ਭਯ-ਭੰਜਨੁ ਪਰਦੁਖ ਨਿਵਾਰੁ, ਅਪਾਰੁ ਅਨੰਭਉ ॥
ਅਗਹ ਗਹਣੁ ਭ੍ਰਮੁ ਭ੍ਰਾਂਤਿ ਦਹਣੁ, ਸੀਤਲੁ ਸੁਖ-
ਦਾਤਉ ॥ ਆਸੰਭਉ ਉਦਵਿਉ ਪੁਰਖੁ ਪੂਰਨ
ਬਿਧਾਤਉ ॥ [ਭਟਾਂ ਦੇ ਸਵਈਏ ੫, ਪੰਨਾ ੧੪੦੭

ਵਾਹ! ਵਾਹ!! ਆਪ ਸ੍ਰੀ ਗੁਰੂ ਅਰਜਨ ਦੇਵ ਜੀ ਸੀਤਲ ਹਨ, ਸੁਖਾਂ ਦੇ ਦੇਣ ਵਾਲੇ ਹਨ ਅਤੇ ਹੋਰ ਉਪ੍ਰੋਕਤ ਗੁਣਾਂ ਦੇ ਮਾਲਕ ਹਨ। ਸੋ ਉਪ੍ਰੋਕਤ ਗੁਰ ਪ੍ਰਮਾਣਾਂ ਨੂੰ ਦੁਨੀਆ ਦੇ ਸਾਹਮਣੇ ਅਮਲੀ ਰੂਪ ਵਿਚ ਪਰਗਟ ਕਰਨ ਦਾ ਮੌਕਾ ਗੁਰੂ ਨਾਨਕ ਦੇਵ ਜੀ ਦੇ ਪੰਜਵੇਂ ਸਰੂਪ ਸ੍ਰੀ ਗੁਰੂ ਅਰਜਨ ਦੇਵ ਜੀ ਨੂੰ ਮਿਲਿਆ; ਅਤੇ ਆਪ ਨੇ ਚਟਾਨ ਦੀ ਤਰ੍ਹਾਂ ਦ੍ਰਿੜ੍ਹ ਰਹਿ ਕੇ ਦੁਨੀਆ ਨੂੰ ਦਸ ਦਿਤਾ ਕਿ ਜੋ ਕੁਝ ਗੁਰਬਾਣੀ ਵਿਚ ਲਿਖਿਆ ਹੈ ਉਹ ਅਟੱਲ ਸਚਾਈ ਹੈ। ਵਾਹਿਗੁਰੂ ਅਕਾਲ ਪੁਰਖ ਦੀ ਰਜ਼ਾ ਅੰਦਰ ਹੀ ਇਹ ਮੌਕਾ ਬਣਿਆ ਅਤੇ ਸ੍ਰੀ ਗੁਰੂ ਅਰਜਨ ਦੇਵ ਜੀ ਵੀ ਵਾਹਿਗੁਰੂ ਜੀ ਦੀ ਰਜ਼ਾ ਵਿਚ ਹੀ ਰਾਜ਼ੀ ਸਨ। ਜੇ ਸ੍ਰੀ ਗੁਰੂ ਅਰਜਨ ਦੇਵ ਜੀ ਮੰਡੀ ਦੇ ਰਾਜੇ ਦਾ ਚੰਡਾਲ ਦੇ ਘਰ ਵਿਚ ਜਨਮ ਲੈਣ ਦਾ ਸਮਾ ਸੁਪਨੇ ਵਿਚ ਹੀ ਭੁਗਤਾ ਸਕਦੇ ਸਨ ਤਾਂ ਕੀ, ਉਹ ਚਾਹੁੰਦੇ ਤਾਂ ਆਪਣੇ ਉਪਰ ਆਏ ਕਸ਼ਟਾਂ ਨੂੰ ਉਹ ਟਾਲ ਨਹੀਂ ਸਨ ਸਕਦੇ ? ਨਿਰਸੰਦੇਹ ਉਹ ਅਜਿਹਾ ਕਰ ਸਕਣ ਦੀ ਸਮਰੱਥਾ ਰਖਦੇ ਸਨ। ਪਰ ਉਹਨਾਂ ਅਜਿਹਾ ਕੀਤਾ ਨਹੀਂ ਅਤੇ ਪ੍ਰਭੂ ਦੇ ਵਰਤਾਏ 'ਭਾਣੇ' ਨੂੰ ਮਿਠਾ ਕਰ ਕੇ ਮੰਨਿਆ। ਉਹਨਾਂ ਅਕਾਲ ਪੁਰਖ ਅਗੇ ਅਜਿਹਾ ਦੁਖਦਾਈ ਸਮਾਂ ਟਾਲਣ ਲਈ ਮੰਗ ਨਹੀਂ ਮੰਗੀ। ਮੰਗ ਮੰਗੀ ਤਾਂ ਕੇਵਲ ਇਹੋ ਮੰਗੀ ਕਿ :—

ਤੇਰਾ ਕੀਆ ਮੀਠਾ ਲਾਗੈ ॥
ਹਰਿ ਨਾਮੁ ਪਦਾਰਥੁ ਨਾਨਕੁ ਮਾਗੈ ॥
[ਆਸਾ ਮ: ੫, ਪੰਨਾ ੩੯੪



www.AKJ.Org

ਅਜਿਹਾ ਭਾਣਾ ਵਰਤਣ ਲਈ ਜੋ ਕਾਰਨ ਬਣੇ ਉਹ ਇਉਂ ਹਨ –

**ਜਹਾਂਗੀਰ**—ਜਹਾਂਗੀਰ ਕੱਟੜ ਅਤੇ ਮੁਤਅੱਸਬ ਮੁਸਲਮਾਨ ਬਾਦਸ਼ਾਹ ਸੀ। ਉਹ ਚਾਹੁੰਦਾ ਸੀ ਕਿ ਸਿੱਖ ਧਰਮ ਦੇ ਵਧ ਰਹੇ ਪ੍ਰਚਾਰ ਨੂੰ ਕਿਸੇ ਨ ਕਿਸੇ ਤਰ੍ਹਾਂ ਬੰਦ ਕੀਤਾ ਜਾਵੇ। ਉਸ ਨੇ ਕੋਸ਼ਸ਼ ਕੀਤੀ ਕਿ ਸ੍ਰੀ ਗੁਰੂ ਅਰਜਨ ਦੇਵ ਜੀ ਰਚਿਤ ਗ੍ਰੰਥ, (ਸ੍ਰੀ ਗੁਰੂ ਗ੍ਰੰਥ ਸਾਹਿਬ ਜੀ) ਵਿਚ ਹਜ਼ਰਤ ਮੁਹੰਮਦ ਸਾਹਿਬ ਦੀ ਉਸਤਤੀ ਦੇ ਕੁਝ ਸ਼ਬਦ ਦਰਜ ਕਰਵਾਏ ਜਾਣ। ਪਰ ਉਹ ਸਫਲ ਨਾ ਹੋ ਸਕਿਆ। ਗੁਰੂ ਜੀ ਨੇ ਅਜਿਹਾ ਕਰਨ ਤੋਂ ਸਾਫ ਇਨਕਾਰ ਕਰ ਦਿਤਾ। ਉਹ ਇਹ ਵੀ ਦੇਖ ਰਿਹਾ ਸੀ ਕਿ ਜਿਥੇ ਭਾਰੀ ਗਿਣਤੀ ਵਿਚ ਹਿੰਦੂ ਸਿੱਖ ਧਰਮ ਦੇ ਅਨੁਯਾਈ ਹੁੰਦੇ ਜਾ ਰਹੇ ਹਨ ਉਥੇ ਮੁਸਲਮਾਨ ਵੀ ਗੁਰੂ ਘਰ ਦੇ ਸ਼ਰਧਾਲੂ ਬਣਦੇ ਜਾ ਰਹੇ ਹਨ। ਉਹ ਇਹ ਵੀ ਦੇਖ ਰਿਹਾ ਸੀ ਕਿ ਗੁਰੂ ਅਰਜਨ ਦੇਵ ਜੀ ਸਿੱਖ ਧਰਮ ਦੇ ਪ੍ਰਚਾਰ ਦੇ ਕਈ ਕੇਂਦਰ ਤੀਰਥਾਂ ਅਤੇ ਗੁਰ ਧਾਮਾਂ ਦੇ ਰੂਪ ਵਿਚ ਬਣਾਈ ਜਾ ਰਹੇ ਹਨ। ਇਸ ਲਈ ਉਹ ਸਿਖ ਧਰਮ ਦੀ ਉੱਨਤੀ ਵਿਚ ਦਿਨ-ਬਦਿਨ ਵ੍ਰਿਧੀ ਹੁੰਦੀ ਜਾ ਰਹੀ ਦੇਖ ਕੇ ਬੌਖਲਾ ਉਠਿਆ ਸੀ। ਉਹ ਸਮਝ ਚੁਕਿਆ ਸੀ ਕਿ ਸਿੱਖ ਧਰਮ ਦੀ ਲਹਿਰ ਇਸਲਾਮ ਦੇ ਪ੍ਰਚਾਰ ਅਤੇ ਪਾਸਾਰ ਲਈ ਭਾਰੀ ਰੁਕਾਵਟ ਦਾ ਕਾਰਨ ਹੈ। ਉਸ ਦਾ ਇਹ ਯਕੀਨ ਪੱਕਾ ਹੋ ਚੁਕਾ ਸੀ ਕਿ ਲੱਖਾਂ ਦੀ ਗਿਣਤੀ ਵਿਚ ਜੋ ਸ਼ਰਧਾਲੂ ਗੁਰੂ ਅਰਜਨ ਦੇਵ ਜੀ ਦੀ ਅਗਵਾਈ ਵਿਚ ਸਿਖ ਧਰਮ ਦੀ ਲੜੀ ਵਿਚ ਪਰੋਏ ਜਾ ਰਹੇ ਹਨ, ਇਹ ਕਿਸੇ ਵਕਤ ਜਥੇਬੰਦ ਹੋ ਕੇ ਹਕੂਮਤ ਲਈ ਖ਼ਤਰੇ ਦਾ ਕਾਰਨ ਬਣ ਸਕਦੇ ਹਨ। ਜਹਾਂਗੀਰ ਨੇ ਇਸ ਲਈ ਇਹ ਇਰਾਦਾ ਬਣਾ ਲਿਆ ਕਿ ਇਸ ਸਿਖ ਲਹਿਰ ਨੂੰ ਖ਼ਤਮ ਕੀਤਾ ਜਾਏ ਜਾਂ ਗੁਰੂ ਜੀ ਨੂੰ ਮੁਸਲਮਾਨ ਬਣਾ ਲਿਆ ਜਾਵ। ਉਹ ਆਪਣੀ ਲਿਖਤ 'ਤੁਜ਼ਕਿ ਜਹਾਗੀਰੀ' ਵਿਚ ਸਿਖੀ ਲਹਿਰ ਨੂੰ "ਝੂਠ ਦੀ ਦੁਕਾਨ" ਕਹਿ ਕੇ ਉਪ੍ਰੋਕਤ ਇਰਾਦੇ ਦਾ ਆਪ ਹੀ ਪਰਗਟਾ ਕਰਦਾ ਹੈ। ਉਸ ਦਾ ਪੰਜਾਬੀ ਉਲਥਾ ਇਉਂ ਹਨ :–

ਕਿਤਨੇ ਚਿਰ ਤੋਂ ਮੇਰੇ ਦਿਲ ਵਿਚ ਇਹ ਖ਼ਿਆਲ ਚਲਿਆ ਆਉਂਦਾ ਸੀ ਕਿ ਇਸ ਝੂਠ ਦੀ ਦੁਕਾਨ ਨੂੰ ਬੰਦ ਕਰਾਂ ਜਾਂ ਉਸ ਨੂੰ ਇਸਲਾਮੀ ਮਤ ਵਿਚ ਲੈ ਆਵਾਂ।

ਅਗੇ ਜਾ ਕੇ ਉਹ ਗੁਰੂ ਅਰਜਨ ਦੇਵ ਜੀ ਵਲੋਂ ਆਪਣੇ ਬਾਗ਼ੀ ਪੁਤਰ ਖ਼ੁਸਰੋ ਦੀ ਕੀਤੀ ਮਦਦ ਦਾ ਝੂਠਾ ਬਹਾਨਾ ਬਣਾ ਕੇ, ਇਸ ਬਾਰੇ ਜ਼ਿਕਰ ਕਰਦਾ ਹੋਇਆ ਆਪਣਾ ਫੈਸਲਾ ਲਿਖ ਦਿੰਦਾ ਹੈ ਕਿ :–

ਮੈਂ ਹੁਕਮ ਦਿਤਾ ਕਿ ਉਸ (ਗੁਰ ਅਰਜਨ ਦੇਵ ਜੀ) ਨੂੰ ਹਾਜ਼ਰ ਕੀਤਾ ਜਾਵੇ। ਉਸ ਦੇ ਘਰ ਬਾਰ ਤੇ ਬੱਚਿਆਂ ਨੂੰ ਮੁਰਤਜ਼ਾ ਖ਼ਾਂ ਦੇ ਹਵਾਲੇ ਕੀਤਾ ਜਾਵੇ। ਉਸ ਦਾ ਮਾਲ ਅਸਬਾਬ ਜ਼ਬਤ ਕਰਕੇ, ਹੁਕਮ ਦਿਤਾ ਕਿ ਉਸ ਨੂੰ ਡਰਾਇਆ ਜਾਏ ਤੇ ਯਾਸਾ ਦੇ ਕਾਨੂੰਨ ਅਨੁਸਾਰ ਉਸ ਨੂੰ ਮਾਰਿਆ ਜਾਵੇ।" [ਤੁਜ਼ਕਿ ਜਹਾਂਗੀਰੀ

ਇਸ ਕਥਨ ਅਨੁਸਾਰ ਗੁਰੂ ਜੀ ਦੀ ਸ਼ਹੀਦੀ ਦੀ ਜ਼ਿਮੇਵਾਰੀ ਜਹਾਂਗੀਰ ਤੇ ਆਉਂਦੀ ਹੈ। ਜਹਾਂਗੀਰ ਮੁਰਤਜ਼ਾ ਖ਼ਾਂ ਨੂੰ ਹੁਕਮ ਦੇ ਕੇ ਆਪ ਕਸ਼ਮੀਰ ਚਲਾ ਗਿਆ। ਗੁਰੂ ਸਾਹਿਬ ਦੇ ਲਾਹੌਰ ਪੁਜਣ ਤੇ ਮੁਰਤਜ਼ਾ ਖ਼ਾਂ ਨੇ ਗੁਰੂ ਸਾਹਿਬ ਨੂੰ, ਚੰਦੂ* ਦੀ ਮੰਗ ਕਰਨ ਤੇ ਉਸ ਦੇ ਹਵਾਲੇ ਕਰ ਦਿਤਾ।

ਚੰਦੂ ਗੁਰੂ ਜੀ ਨੂੰ ਆਪਣੇ ਘਰ ਲੈ ਗਿਆ ਅਤੇ ਬਾਦਸ਼ਾਹ ਦੇ ਕੀਤੇ ਹੁਕਮ ਅਨੁਸਾਰ, ਯਾਸਾ ਕਾਨੂੰਨ ਦੀ ਵਿਧੀ ਦੇ ਅਧੀਨ ਆਪਣੀ ਰੜਕ ਕਢਣ ਲਈ ਉਸਨੇ ਗੁਰੂ ਸਾਹਿਬ ਨੂੰ ਰਜ ਰਜ ਕੇ ਦੁਖ-ਤਸੀਹੇ ਦਿਤੇ। ਪਹਿਲਾਂ ਉਬਲਦੀ ਦੇਗ ਵਿਚ ਬਿਠਾਇਆ ਗਿਆ, ਫਿਰ ਤਤੀ ਤਵੀ ਤੇ ਬਿਠਾ ਕੇ ਸੜਦੀ ਰੇਤ ਦੇ ਕੜਛੇ ਭਰ ਭਰ ਕੇ ਸੀਸ ਤੇ ਸਰੀਰ ਤੇ ਪਾਏ ਗਏ। ਇਸ ਨਾਲ ਸਾਰਾ ਸਰੀਰ ਝੁਲਸ ਗਿਆ ਤੇ ਛਾਲੇ ਛਾਲੇ ਹੋ ਗਿਆ। ਉਪਰੰਤ

---

*ਦੀਵਾਨ ਚੰਦੂ ਹੰਕਾਰੀ ਸੀ। ਉਸ ਨੇ ਗੁਰੂ-ਘਰ ਦੀ ਸ਼ਾਨ ਵਿਚ ਕੁਬਚਨ ਬੋਲੇ, ਜਿਸ ਕਰਕੇ ਸੰਗਤਾਂ ਦੇ ਕਹਿਣ ਤੇ ਉਸ ਦੀ ਲੜਕੀ ਦਾ ਸ੍ਰੀ ਗੁਰੂ ਹਰਿ ਗੋਬਿੰਦ ਸਾਹਿਬ ਲਈ ਕੀਤਾ ਹੋਇਆ ਰਿਸ਼ਤਾ ਗੁਰੂ ਅਰਜਨ ਦੇਵ ਜੀ ਨੇ ਮੋੜ ਦਿਤਾ ਸੀ। ਇਸ ਗੱਲ ਦੀ ਉਸ ਨੂੰ ਬਹੁਤ ਰੜਕ ਸੀ ਅਤੇ ਸਦਾ ਗੁਰੂ-ਘਰ ਦੇ ਖਿਲਾਫ਼ ਹਕੂਮਤ ਦੇ ਕੰਨ ਭਰਦਾ ਰਹਿੰਦਾ ਸੀ। ਹੁਣ ਉਸ ਨੂੰ ਆਪਣੀ ਰੜਕ ਕਢਣ ਦਾ ਚੰਗਾ ਮੌਕਾ ਹੱਥ ਆਇਆ।

ਦੀਵਾਨ ਚੰਦੂ ਤੋਂ ਪਹਿਲਾਂ ਬਾਬਾ ਪ੍ਰਿਥੀ ਚੰਦ ਗੁਰਿਆਈ ਨਾ ਮਿਲਣ ਦੇ ਸੜੇਵੇਂ ਕਾਰਨ ਗੁਰੂ ਅਰਜਨ ਦੇਵ ਜੀ ਦਾ ਸਖ਼ਤ ਵਿਰੋਧ ਕਰਦਾ ਰਿਹਾ ਅਤੇ ਕਈ ਤਰੀਰਿਆਂ ਨਾਲ ਹਕੂਮਤ ਪਾਸ ਝੂਠੀਆਂ ਤੁਹਮਤਾਂ ਲਾਉਂਦਾ ਰਿਹਾ।



www.AKJ.Org

ਆਪ ਨੂੰ ਰਾਵੀ ਦੇ ਠੰਡੇ ਤੇ ਡੂੰਘੇ ਵਹਿਣ ਵਿਚ ਸੁਟ ਕੇ ਰੋੜ੍ਹ ਦਿਤਾ ਗਿਆ।

ਸਾਡੀਆਂ ਦੁਨਿਆਵੀ ਨਜ਼ਰਾਂ ਵਿਚ ਗੁਰੂ ਜੀ ਨੂੰ ਦਿਤੇ ਗਏ ਇਹ ਕਸ਼ਟ ਬੇਅੰਤ ਭਿਆਨਕ ਤੇ ਦਿਲ-ਕੰਬਾਊ ਹਨ। ਦੁਨੀਆ ਭਰ ਦੇ ਇਤਿਹਾਸ ਵਿਚ ਅਜਿਹੇ ਵਹਿਸ਼ੀਆਨਾ ਤਸੀਹੇ ਦਿਤੇ ਜਾਣੇ ਕਿਤੇ ਨਹੀਂ ਮਿਲਦੇ, ਪਰ ਪੰਚਮ ਪਾਤਸ਼ਾਹ ਜੀ ਨੇ ਇਹ ਸਭ ਕੁਝ ਸ਼ਾਂਤ-ਚਿਤ ਅਡੋਲ ਬਿਰਤ ਰਹਿ ਕੇ ਆਪਣੇ ਸਰੀਰ ਤੇ ਸਹਾਰਿਆ ਅਤੇ ਭਾਣਾ ਮੰਨਣ ਦਾ ਲਾ-ਮਿਸਾਲ ਮਿਆਰ ਕਾਇਮ ਕੀਤਾ। ਜੁਗਾਂ ਪ੍ਰਜੰਤ ਗੁਰੂ ਸਾਹਿਬ ਦੀ ਇਹ ਅਲੌਕਿਕ ਸ਼ਹੀਦੀ ਧਰਮ ਤੋਂ ਕੁਰਬਾਨ ਹੋਣ ਵਾਲਿਆਂ ਨੂੰ ਪ੍ਰੇਰਨ ਲਈ ਚਾਨਣ-ਮੁਨਾਰਾ ਬਣੀ ਰਹੇਗੀ ਅਤੇ ਰੱਬ ਦੀ ਰਜ਼ਾ ਵਿਚ ਰਾਜ਼ੀ ਰਹਿਣ ਤੇ ਭਾਣਾ ਮਿਠਾ ਕਰ ਕੇ ਮੰਨਣ ਦੀ ਸਿਖਿਆ ਦਿੰਦੀ ਰਹੇਗੀ।

ਗੁਰੂ ਸਾਹਿਬ ਜੇ ਉਬਲਦੀ ਦੇਗ ਵਿਚ ਬੈਠੇ ਤਾਂ ਵੀ ਤਪਤ ਮਾਹਿ ਠਾਂਢ ਹੀ ਵਰਤਦੀ ਰਹੀ, ਜੇ ਅੱਗ ਵਾਂਗ ਭਖਦੀ ਲੋਹ ਤੇ ਬੈਠੇ ਤਾਂ ਵੀ ਅਡੋਲ ਚੌਂਕੜੇ ਵਿਚ ਮਗਨ ਰਹੇ, ਅਤੇ ਜੇ ਸੜਦੀ ਬਲਦੀ ਰੇਤ ਦੇ ਕੜਛੇ ਸੀਸ ਵਿਚ ਪੈਂਦੇ ਰਹੇ ਤਾਂ ਵੀ ਸ਼ਾਂਤ ਚਿਤ ਅਡੋਲ ਬਿਰਤੀ ਵਿਚ ਕੋਈ ਫ਼ਰਕ ਨਾ ਪਿਆ। ਲੋਕਾਈ ਦੀਆਂ ਨਜ਼ਰਾਂ ਵਿਚ ਭਾਵੇਂ ਇਹ ਦ੍ਰਿਸ਼ ਬੜੇ ਡਰਾਉਣੇ ਹਨ, ਪਰ ਬ੍ਰਹਮ-ਜੋਤੀ ਵਿਚ ਇਕ ਰੂਪ ਇਕ-ਮਿਕ ਹੋਈ ਵੀ ਬ੍ਰਹਮ-ਆਤਮਾ ਦਾ ਇਹ ਵਾਲ ਵਿੰਗਾ ਵੀ ਨਹੀਂ ਕਰ ਸਕਦੇ। ਇਹ ਸਾਡੇ ਮਲੀਨ ਹਿਰਦਿਆਂ ਦੇ ਹੀ ਕਾਂਬੇ ਸਾਨੂੰ ਕੰਬਾ ਰਹੇ ਹਨ।

ਭਾਈ ਸਾਹਿਬ ਰਣਧੀਰ ਸਿੰਘ ਜੀ ਇਨ੍ਹਾਂ ਚਿਤਰਾਂ ਦਾ ਸਿੱਟਾ ਇਹ ਕਢਦੇ ਹਨ—

"ਗੁਰੂ ਅਰਜਨ ਦੇਵ ਜੀ ਮਹਾਰਾਜ ਨੇ ਇਹ ਚਲਿਤ ਆਪਣੇ ਸਰੀਰ ਉਪਰ ਆਪ ਹੀ ਵਰਤਾਏ। ਉਨ੍ਹਾਂ ਦੀ ਉਸ਼ਨ-ਸੀਤ ਰਹਿਤ ਦੇਹੀ ਨੂੰ ਦੁਸ਼ਟ ਪਾਪੀਆਂ ਦੇ ਦਿਤੇ ਅਗਨ-ਦਾ, ਤਸੀਹਿਆਂ ਦਾ ਦਾਗ ਵੀ ਨਹੀਂ ਲਗਿਆ, ਸਗੋਂ ਦੁਸ਼ਟ-ਰਾਜ ਦੀ ਜੜ੍ਹ ਮੇਖ ਦਾਗੀ-ਦਾਹੀ ਗਈ। ...ਇਸ ਅਦੁੱਤੀ ਅਹੂਤੀ ਦਿਤੇ ਬਾਝੋਂ ਦੁਖਿਤ ਪਰਜਾ ਦੇ ਦਾਹ ਨਹੀਂ ਮਿਟ ਸਕਦੇ ਸਨ ਅਤੇ ਦੁਸ਼ਟ ਰਾਜ ਦੇ ਬਿਨਾਸ਼ ਕਾਲ ਦਾ ਬਾਨ੍ਹਣੂ ਨਹੀਂ ਬਝ ਸਕਦਾ ਸੀ। ਇਸ ਇਲਾਹੀ ਰਮਜ਼ ਨੂੰ ਆਮ ਇਨਸਾਨੀ ਅਕਲ ਤੇ ਦਿਮਾਗੀ ਫ਼ਿਲਾਸਫ਼ੀ ਕੀ ਸਮਝ ਸਕਦੀ ਹੈ।...ਪ੍ਰਭੂ-ਪਠਾਏ ਧੁਰੋਂ ਆਏ ਧਰਮ-ਧੁਰੰਦਰੀ ਸਰਬੱਗ ਪੁਰਸ਼ਾਂ ਦੇ ਸ਼ਹੀਦੀ ਸਾਕੇ ਅਲਪਗ ਅਕਲਾਂ ਵਾਲੇ ਸੰਸਾਰੀ ਜੀਵ ਕੀ ਲਿਖ-ਲਿਖਾ ਸਕਦੇ ਹਨ।"

ਗੁਰੂ ਅਰਜਨ ਦੇਵ ਜੀ ਪੰਚਮ ਪਾਤਸ਼ਾਹ ਨੇ ਮਹਾਂ ਤਪਸ਼ ਵਿਚ ਭੀ ਪ੍ਰਭੂ-ਸਿਮਰਨ ਵਿਚ ਰਹਿ ਕੇ ਠੰਢ ਹੀ ਪਰਤੀਤ ਕੀਤੀ। ਸਚਮੁਚ ਜੋ ਉਨ੍ਹਾਂ ਕਿਹਾ ਸੀ ਕਿ :

ਤਪਤਿ ਮਾਹਿ ਠਾਢਿ ਵਰਤਾਈ ॥ ਅਨਦੁ
ਭਇਆ ਦੁਖ ਨਾਠੇ ਭਾਈ ॥

ਇਸ ਮਹਾਂ ਵਾਕ ਨੂੰ ਅਮਲੀ ਰੂਪ ਦੇ ਕੇ ਪੂਰਾ ਕਰ ਵਿਖਾਇਆ। ਧੰਨ ਗੁਰੂ ਅਰਜਨ ਦੇਵ ਜੀ—

ਗੁਰੂ ਅਰਜਨ ਵਿਟਹੁ ਕੁਰਬਾਣੀ ॥

## ਭਾਈ ਸਾਹਿਬ ਬਹਾਦਰ ਸਿੰਘ ਜੀ ਐਸ. ਡੀ. ਓ. ਅਕਾਲ ਚਲਾਣਾ ਕਰ ਗਏ

**ਸਜਣ ਮੇਰੇ ਰੰਗੁਲੇ ਜਾਇ ਸੁਤੇ ਜੀਰਾਣਿ ॥ ਹੰਭੀ ਵੰਞਾ ਡੁਮਣੀ ਰੋਵਾ ਝੀਣੀ ਬਾਣਿ ॥**

ਅੰਮ੍ਰਿਤਸਰ ਅਖੰਡ ਕੀਰਤਨੀ ਜਥੇ ਦੀ ਰੂਹੇ-ਰਵਾਂ ਗੁਰਮੁਖ ਪਿਆਰੇ ਰੰਗਲੇ ਸਜਣ ਭਾਈ ਸਾਹਿਬ ਬਹਾਦਰ ਸਿੰਘ ਜੀ ਐਸ. ਡੀ. ਓ. (ਰੀਟਾਇਰਡ) ੮ ਮਈ ੧੯੭੫ ਵੀਰਵਾਰ ਨੂੰ ਅੰਮ੍ਰਿਤ ਵੇਲੇ ਦਿਲੀ ਵਿਖੇ ਅਕਾਲ ਚਲਾਣਾ ਕਰ ਗਏ ਹਨ। ਆਪ ਬੜੇ ਗੰਭੀਰ, ਸੰਜੀਦਾ, ਲਗਨ ਵਾਲੇ ਤੇ ਨਿਰਮਾਣ ਸੇਵਕ ਸਨ ਅਤੇ ਹਰੇਕ ਗੁਰਸਿਖ ਤੇ ਲੋੜਵੰਦ ਦਾ ਕਾਰਜ ਆਪਣਾ ਨਿਜੀ ਸਮਝ ਕੇ ਉਤਸ਼ਾਹ ਸਹਿਤ ਕਰਦੇ ਸਨ। ਪੂਰਨ ਸੱਚਾ ਸੁੱਚਾ ਜੀਵਨ ਬਿਤਾਉਣਾ ਆਪ ਦਾ ਆਦਰਸ਼ ਸੀ। ਪਰ ਸਭ ਕੁਝ ਕਰਦਿਆਂ ਹੋਇਆਂ ਵੀ ਆਪਣਾ ਆਪ ਕਦੇ ਜਣਾਉਂਦੇ ਨਹੀਂ ਸਨ। ਅਖੰਡ ਕੀਰਤਨੀ ਜੱਥਾ ਅੰਮ੍ਰਿਤਸਰ ਨੂੰ ਉਨ੍ਹਾਂ ਦੇ ਵਿਛੋੜੇ ਨਾਲ ਬਹੁਤ ਵੱਡੀ ਘਾਟ ਮਹਿਸੂਸ ਹੋ ਰਹੀ ਹੈ। ਉਨ੍ਹਾਂ ਦੇ ਪਰਵਾਰ ਵਲੋਂ ੧੮ ਮਈ ਐਤਵਾਰ ਨੂੰ ਸ੍ਰੀ ਅਖੰਡ ਪਾਠ ਦੇ ਭੋਗ ਪਾਏ ਗਏ, ਜਿਸ ਵਿਚ ਭਾਈ ਸਾਹਿਬ ਜੋਗਿੰਦਰ ਸਿੰਘ ਜੀ ਤਲਵਾੜਾ, ਬੀਬੀ ਹਰਸ਼ਰਨ ਕੌਰ ਜੀ ਜਲੰਧਰ ਤੇ ਹੋਰ ਗੁਰਸਿਖ ਵੀਰਾਂ ਨੇ ਕੀਰਤਨ ਵਿਚ ਹਾਜ਼ਰੀਆਂ ਭਰੀਆਂ।

ਇਸ ਰੰਗਲੇ ਵੀਰ ਦੀ ਆਤਮਾ ਦੀ ਸ਼ਾਂਤੀ ਲਈ ਅੰਮ੍ਰਿਤਸਰ ਅਖੰਡ ਕੀਰਤਨੀ ਜੱਥੇ ਵਲੋਂ ੧ ਜੂਨ ੧੯੭੫ ਐਤਵਾਰ ਨੂੰ ੯੩—ਅਜੀਤ ਨਗਰ ਵਿਖੇ ਅੰਮ੍ਰਿਤ ਵੇਲੇ ਸ੍ਰੀ ਅਖੰਡਪਾਠ ਦੇ ਭੋਗ ਉਪਰੰਤ ਕੀਰਤਨ ਹੋ ਰਹੇ ਹਨ।

www.AKJ.Org

# ਵੱਡੇ ਘਲੂਘਾਰੇ ਦੀ ਯਾਦਗਾਰ ਕਾਇਮ ਕਰੋ

[ਵਲੋਂ—ਗਿਆਨੀ ਗੁਰਬਚਨ ਸਿੰਘ ਜੀ ਮੈਨੇਜਰ, ਤਖ਼ਤ ਸ੍ਰੀ ਹਰਿਮੰਦਰ ਜੀ, ਪਟਨਾ ਸਾਹਿਬ]

ਭਾਈ ਕਾਹਨ ਸਿੰਘ ਜੀ ਦੇ ਮਹਾਨ ਕੋਸ਼ ਅਨੁਸਾਰ ੨੮ ਮਾਘ, ਸੰਮਤ ੧੮੧੮ (੫ ਫਰਵਰੀ ੧੭੬੨) ਨੂੰ ਅਹਿਮਦ ਸ਼ਾਹ ਦੁਰਾਨੀ ਨਾਲ ਰਾਇਪੁਰ ਗੁਜਰਵਾਲ ਪਾਸ ਕੁਪ ਰਹੀੜੇ ਦੇ ਮੁਕਾਮ ਤੇ ਜੋ ਲੜਾਈ ਹੋਈ, ਉਹ ਵਡਾ ਘਲੂਘਾਰਾ ਸਿਖ ਇਤਿਹਾਸ ਵਿਚ ਪ੍ਰਸਿਧ ਹੈ। ਇਸ ਘਲੂਘਾਰੇ ਵਿਚ ਪੰਦ੍ਰਾਂ ਵੀਹ ਹਜ਼ਾਰ ਸਿੰਘ ਅਤੇ ਇਤਨੀ ਹੀ ਦੁਰਾਨੀ ਫੌਜ ਮਾਰੀ ਗਈ।

ਸਿੰਘਾਂ ਵਿਚ ਇਹ ਗੱਲ ਆਮ ਪਰਸਿਧ ਹੈ ਕਿ ੪੦ ਅਤੇ ੫੦ ਹਜ਼ਾਰ ਦੇ ਦਰਮਿਆਨ ਸਿੰਘ-ਸਿੰਘਣੀਆਂ ਬੱਚੇ ਸ਼ਹੀਦੀ ਹੋਏ ਸਨ।

ਸਿਖ ਇਤਹਾਸ ਵਿਚ ਇਸ ਤੋਂ ਵਡੀ ਕੋਈ ਜੰਗ ਮੁਗਲਾਂ ਤੁਰਕਾਂ ਨਾਲ ਨਹੀਂ ਹੋਈ। ਜੇ ੧੫ ਵੀਹ ਹਜ਼ਾਰ ਭੀ ਮੰਨ ਲਿਆ ਜਾਵੇ ਤਾਂ ਕੀ ਇਹ ਸ਼ਹੀਦੀਆਂ ਭੁਲਣ ਵਾਲੀਆਂ ਹਨ? ਉਸ ਥਾਂ ਖੂਨ ਦੀਆਂ ਨਦੀਆਂ ਵਹਿ ਗਈਆਂ। ਉਸ ਜਗਾਹ ਦੀ ਹਾਲਤ ਅਜ ਕਲ ਇਸ ਤਰ੍ਹਾਂ ਹੈ।

ਪਿਛਲੇ ਸਾਲ ੧੬-੭-੧੯੭੪ ਨੂੰ ਸੰਗ੍ਰਾਂਦ ਦੇ ਦਿਨ ਮੈਂ ਸ਼ਹੀਦਾਂ ਨੂੰ ਨਮਸਕਾਰ ਕਰਨ ਲਈ ਪਿੰਡ ਰਹੀੜੇ ਪੁਜਾ। ਪਿੰਡ ਤੋਂ ਬਾਹਰ ਇਕ ਦੋ ਫ਼ਰਲਾਂਗ ਤੇ ਇਕ ਭਾਰੀ ਥੇਹ ਹੈ, ਜੋ ੫੨ ਵਿਘਿਆਂ ਵਿਚ ਦਸਿਆ ਜਾਂਦਾ ਹੈ। ਇਸ ਥੇਹ ਉਤੇ ਬਹੁਤ ਸਾਰੇ ਆਪੇ ਉਗੇ ਦਰੱਖ਼ਤ ਹਨ। ਐਨ ਥੇਹ ਦੇ ਸਿਰ ਤੇ ਇਕ ਚੂਨੇ-ਗਚ ਕੱਬਰ ਹੈ ਅਤੇ ੧੫-੧੫ ਦੀ ਦੀਵਾਰ ਨਾਲ ਘਿਰੀ ਹੋਈ ਹੈ। ਇਸ ਥੇਹ ਤੇ ਫਿਰ ਕੇ ਮੈਂ ਦੇਖਿਆ, ਪੁਰਾਣੀਆਂ ਅਤੇ ਨਵੀਆਂ ਅਨੇਕਾਂ ਹੀ ਕਬਰਾਂ ਦਿਸਦੀਆਂ ਹਨ।

ਪਿੰਡ ਰਹੀੜਾ ਵਿਚ ਮੁਸਲਿਮ ਆਬਾਦੀ ਜ਼ਿਆਦਾ ਹੈ। ਇਥੇ ਫਿਰਦਿਆਂ ਕਈ ਸੰਖੀਆਂ (ਹੱਡੀਆਂ) ਸਾਫ ਦਿਸਦੀਆਂ ਹਨ। ਕੀ ਜਾਣੀਏ ਇਹ ਉਹਨਾਂ ਸ਼ਹੀਦਾਂ ਦੀਆਂ ਹੀ ਹੋਣ ਜੋ ਕੌਮ ਲਈ ਆਪਾ ਵਾਰ ਗਏ ਹਨ।

ਇਸ ਥੇਹ ਦੇ ਐਨ ਥਲੇ ਪੂਰਬ ਪਾਸੇ ਇਕ ਪਧਰ ਥਾਂ ਤੇ ਝੰਡਾ ਗਡਿਆ ਹੋਇਆ ਹੈ। ਅਤੇ ਦੋ ਤਿੰਨ ਕਮਰੇ ਅਗੇ ਬਰਾਮਦਾ ਬਣਿਆ ਹੋਇਆ ਦੇਖਿਆ। ਇਥੇ ਹੀ ਨਗਾਹੀਆ ਸਿੰਘ ਨੰਬਰਦਾਰ ਨਾਲ ਗੱਲ ਬਾਤ ਹੋਈ।

**ਬਿਆਨ ਨਿਗਾਹੀਆ ਸਿੰਘ ਨੰਬਰਦਾਰ—**

ਉਸਨੇ ਆਪਣੇ ਪਿਤਾ ਦਾ ਨਾਮ ਲੀਕਰ ਸਿੰਘ ਦਸਿਆ ਅਤੇ ਬਾਬੇ ਦਾ ਨਾਮ ਖੇਮ ਸਿੰਘ ਸੀ। ਜਾਤ ਰਟੌਲ। ਅਤੇ ਉਸਨੇ ਆਖਿਆ ਉਹ ਭਾਈ ਮਹਾਂ ਸਿੰਘ ਦੀ ਵੰਸ ਵਿਚੋਂ ਹੈ, ਜੋ ਮੁਕਤਸਰ ਸ਼ਹੀਦ ਹੋਇਆ ਸੀ। ੧੭੬੨ ਸੰਮਤ ਵਿਚ (ਤਰਨ ਤਰਨ ਲਾਗੇ ਇਕ ਰਟੌਲ ਪਿੰਡ ਹੈ। ਹੋ ਸਕਦਾ ਹੈ ਕਿ ਭਾਈ ਮਹਾਂ ਸਿੰਘ ਇਸੇ ਨਗਰ ਦਾ ਹੋਵੇ। ਇਹ ਇਲਾਕਾ ਮਾਝੇ ਦਾ ਗੜ ਹੈ ਤੇ ਇਸ ਤੋਂ ਹੀ ਮਾਲਵੇ ਵਿਚ ਰਟੌਲ ਗੋਤ ਚਲ ਰਹੀ ਹੋਵੇ।)

ਨਗਾਹੀਆ ਸਿੰਘ ਨੇ ਦਸਿਆ ਕਿ ਇਸ ਰਹੀੜੇ ਪਿੰਡ ਵਿਚ ੩੦੦ ਦੇ ਕਰੀਬ ਮੁਸਲਮਾਨ ਘਰ ਹਨ, ਜੋ ਜੈਸਲ-ਮੇਰ ਤੋਂ ਆਏ ਹੋਏ ਦਸਦੇ ਹਨ। ਪ੍ਰੰਤੂ ਇਸ ਪਿੰਡ ਦੀ ਮੂਢੀ ਸਾਡੇ ਵਡਿਆਂ ਨੇ ਗਡੀ ਸੀ। ਜੱਟਾਂ ਦੇ ਘਰ ੩੦—੪੦ ਹਨ, ਜ਼ਮੀਨ ਭਾਵੇਂ ਇਕੋ ਜਿੰਨੀ ਹੈ। ਦਰ-ਅਸਲ ਕਬਰਸਿਤਾਨ ੯ ਵਿਘਿਆਂ ਵਿਚ ਹੈ, ਬਾਕੀ ਸ਼ਾਮਲਾਤ-ਦੇਹ ਹੈ। ਪਰ ਕਬਜ਼ਾ ਬਦੋ-ਬਦੀ ਮੁਸਲਮਾਨ ਕਰੀ ਬੈਠੇ ਹਨ। ਇਹ ਪਿੰਡ ਰਿਆਸਤ ਮਲੇਰ ਕੋਟਲੇ ਵਿਚ ਸੀ। ਇਹ ਵਡੀ ਲੜਾਈ ੧੭੬੨ ਸੰਨ ਵਿਚ ਹੋਈ ਸੀ। ਉਸਨੇ ਬਿਆਨ ਦੇਂਦਿਆਂ ਕਿਹਾ ਕਿ ਇਹ ਲੜਾਈ ੨੦ ਕੋਹਾਂ ਵਿਚ ਹੋਈ ਸੀ, ਤੇ ਦੋਹਾਂ ਹੀ ਪਾਸਿਆਂ ਦੇ ਬੰਦੇ ਬਹੁਤ ਮਰੇ ਸਨ।

ਮਹਾਰਾਜਾ ਰਣਜੀਤ ਸਿੰਘ ਭੀ ਕੋਈ ਯਾਦਗਾਰ ਇਥੇ ਨ ਬਣਾ ਸਕਿਆ, ਕਿਉਂਕਿ ਉਸਦਾ ਇਥੇ ਰਾਜ ਨਹੀਂ ਸੀ। ਇਹ ਮਿਸਲਾਂ ਦੇ ਜ਼ਮਾਨੇ ਵਿਚ ਲੜਾਈ ਹੋਈ ਸੀ। ਸ: ਚੜ੍ਹਤ ਸਿੰਘ ਸੁਕਰਚਕੀਆ, ਜੱਸਾ ਸਿੰਘ ਆਹਲੂਵਾਲੀਆ, ਸ਼ਾਮ ਸਿੰਘ, ਨਾਹਰ ਸਿੰਘ ਵਗੈਰਾ ਜੰਗ ਵਿਚ ਬੜੀ ਬਹਾਦਰੀ ਨਾਲ ਲੜੇ ਸਨ।

ਇਥੋਂ ਕੁਤਬਾ ਬਾਹਮਣੀਆਂ ਨੂੰ ਲੜਦੇ ਮਰਦੇ ਸਿੰਘ ਨਿਕਲ ਗਏ। ਇਹ ਰਹੀੜੇ ਤੋਂ ੮ ਕੋਹ ਪੈਂਦਾ ਹੈ। ਇਥੇ

[ਬਾਕੀ ਸਫਾ ੧੬ ਦੇ ਹੇਠ]



www.AKJ.Org

# ਮੀਆਂ ਮੀਰ ਤੇ ਗੁਰੂ ਅਰਜਨ ਦੇਵ ਜੀ

[ਵਲੋਂ—ਗੁਰਪੁਰ ਵਾਸੀ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ]

ਮੀਆਂ ਮੀਰ ਫ਼ਕੀਰੁ ਗੁਰ ਸਿਦਕ ਪ੍ਰੇਮੀ,
ਡਿਠਾ ਮੋਅਜਜ਼ਾ ਵਡ ਮੋਅਜਜ਼ੋਲਿਆਂ ਦਾ।

ਹਥ ਜੋੜਿ ਕੇ ਪੁਛਿਆ ਗੁਰਾਂ ਪਾਸੋਂ, ਸੁਖਨ ਗੁਝੜੇ ਰਾਜ਼ ਨਿਆਜ਼ੋਲਿਆਂ ਦਾ।
ਹੇ ! ਗੁਰ, ਪੀਰ, ਵਲੀ ਉਲਿਆਇ ਪੂਰੇ, ਕ੍ਰਿਸ਼ਮ ਕਸ਼ੱਫੀ ਤੂੰ ਅਜ਼ਮਤੋਲਿਆਂ ਦਾ।
ਏਡੇ ਦੁਖ ਤਸੀਹੜੇ ਕਾਹਿ ਝਲੇ, ਗਾਰਤ ਕਰੋ ਇਹ ਰਾਜ ਦੁਸ਼ਟੋਲਿਆਂ ਦਾ।
ਸਰਬ ਕਲਾ ਸਮਰੱਥ ਤੂੰ ਕਲਾਧਾਰੀ, ਵਡੁ ਪਰਤਾਪੁ ਤੇਰੇ ਕਲਾਮੋਲਿਆਂ ਦਾ ।੨੨੧।

ਕਲਮੇ ਤੇਰੇ ਦੀ ਕੀ ਬਾਤਿ ਆਖਾਂ, ਬਲੁ ਵਿਡਾਣ ਤਉ ਸਿਖ ਬਚਨੋਲਿਆਂ ਦਾ।
ਅਧਮ ਸਿਖ ਭੀ ਤੇਰੜੇ ਬਚਨ-ਬਲੀਏ, ਮੈਂ ਭੀ ਨਦਰ ਪਾਤ੍ਰ ਜਨਾਬੋਲਿਆਂ ਦਾ।
ਕਰੋ ਹੁਕਮ ਗ਼ੁਲਾਮ ਨੂੰ ਇਕ ਵਾਰੀ, ਤਖ਼ਤਾ ਉਲਟ ਦੇਵਾਂ ਜ਼ਾਲਮੋਲਿਆਂ ਦਾ।
ਗੁਰਾਂ ਆਖਿਆ ਹੱਸ ਕੇ ਸਾਈਂ ਲੋਕਾ, ਅਸਾਂ ਪਾਲਣਾ ਹੁਕਮ ਧੁਰੋਲਿਆਂ ਦਾ ।੨੨੨।

ਭਾਂਡਾ ਭੰਨਣਾ ਸੀਸ ਦਿਲੀਸੀਆਂ ਦੇ, ਭਾਣਾ ਮੰਨਿ ਰਜ਼ਾਇ ਰਜ਼ੋਲਿਆਂ ਦਾ।
ਚੋਲਾ ਛਡਿ ਦੇਣਾ ਹੱਡ ਚੰਮ ਕੇਰਾ, ਆਇਆ ਸੱਦ ਪਿਆਨ ਪੀਓਲਿਆਂ ਦਾ।
ਕਰਾਮਾਤ ਕਹਿਰ ਜ਼ਹਿਰ, ਕੁਫ਼ਰ ਅਜ਼ਮਤ, ਭਾਣਾ ਅਤਿ ਮਿੱਠਾ ਏਜ਼ਦੋਲਿਆਂ ਦਾ।
ਭਾਣੇ ਤੁੱਲ ਦੂਜੀ ਕੋਈ ਦਾਤਿ ਨਾਹੀਂ, ਭਾਣਾ ਅੱਤ ਅਮੁੱਲ ਖਸਮੋਲਿਆਂ ਦਾ ।੨੨੩।

ਵੱਡੀ ਲਾਜ ਕੁਲੱਛਣੀ ਹਰਿ ਜਨਾਂ ਨੂੰ, ਹੈ ਕੁਕਾਜ ਨਾਟਕ ਚੇਟਕੋਲਿਆਂ ਦਾ।
ਸਾਨੂੰ ਯਾਰ ਸਾਈਂ ਵਾਲੀ ਕਾਰ ਚੰਗੀ, ਚੰਗਾ ਹੁਕਮ ਕਰਤਾਰ ਦਰੋਲਿਆਂ ਦਾ।
ਸਚ-ਖੰਡ ਦਰਬਾਰ ਦਰਸਾਰੁ ਚੰਗਾ, ਚੰਗਾ ਰਹਿਣੁ ਨ ਦੂਨ ਦੁਨੀਓਲਿਆਂ ਦਾ।
ਨਿਰੰਕਾਰ ਨਿਕਟਾਰ ਦੀਦਾਰ ਚੰਗਾ, ਚੰਗਾ ਰਾਜ ਨ ਛਤਰ-ਪਤੋਲਿਆਂ ਦਾ ।੨੨੪।

[ਪੁਸਤਕ 'ਜੋਤਿ ਵਿਗਸ' ਚੋਂ

---

[ਸਫ਼ਾ ੧੫ ਦੀ ਬਾਕੀ]

ਸਿੰਘਾਂ ਦੀ ਕੋਈ ਵਡੀ ਯਾਦਗਾਰ ਬਨਾਣੀ ਚਾਹੀਦੀ ਹੈ, ਇਹ ਗੱਲ ਨੰਬਰਦਾਰ ਨਗਾਹੀਆ ਸਿੰਘ ਨੇ ਕਹੀ ਤਾਂ ਉਸ ਦਾ ਗਲਾ ਰੁਕ ਗਿਆ, ਅਗੋਂ ਉਹ ਬੋਲ ਨਾ ਸਕਿਆ।

ਉਥੋਂ ਉਠ ਕੇ ਫਿਰ ਥੇਹ ਤੇ ਮੈਂ ਗਿਆ । ਉਥੇ ਮੈਨੂੰ ਇਕ ਮੁਸਲਮਾਨ ਫਿਰਦਿਆਂ ਦਿਸਦਾ ਸੀ, ਉਹ ਭੀ ਨੰਬਰਦਾਰ ਹੀ ਸੀ। ਉਸ ਨੂੰ ਇਸ ਥਾਂ ਸਬੰਧੀ ਪੁਛਿਆ। ਉਸ ਭੀ ਇਹੋ ਕਿਹਾ, ਇਥੇ ਲੜਾਈ ੨੦ ਕੋਹਾਂ ਵਿਚ ਹੋਈ ਸੁਣੀਦੀ ਹੈ। ਬੜੇ ਲੋਕ ਮਰੇ ਸਨ। ਇਹ ਪੁਰਾਣੀਆਂ ਕਬਰਾਂ ਉਹਨਾਂ ਦੀਆਂ ਹੀ ਹੋਣਗੀਆਂ।

ਤੇ ਫਿਰ ਉਹ ਤੁਰ ਗਿਆ । ਮੈਂ ਚਾਰ-ਚੁਫੇਰੇ ਨਿਗਾਹ ਮਾਰੀ, ਐਉਂ ਮਲੂਮ ਹੋਵੇ ਜਿਵੇਂ ਇਹ ਧਰਤੀ ਪੁਕਾਰ ਪੁਕਾਰ ਇਸ਼ਾਰੇ ਕਰ ਰਹੀ ਹੈ ਉਸ ਘਲੂਘਾਰੇ ਵਲ, ਜੋ ਇਥੇ ਹੋਇਆ ਸੀ।

ਜ਼ਮਾਨਾ ਹਾਲ ਵਿਚ ਗੁਰਦੁਆਰਾ ਕਮੇਟੀਆਂ, ਸਿੰਘ ਸਭਾਵਾਂ, ਸੰਤਾਂ ਮਹੰਤਾਂ ਨੇ ਅਨੇਕਾਂ ਹੀ ਬਿਲਡਿੰਗਾਂ ਖੜੀਆਂ ਕਰ ਦਿਤੀਆਂ ਹਨ, ਜਿਨ੍ਹਾਂ ਦਾ ਸ਼ੁਮਾਰ ਨਹੀਂ ਆਉਂਦਾ ।

ਕੀ ਕੋਈ ਸੰਤ ਮੈਦਾਨ ਵਿਚ ਨਿਕਲੇਗਾ ਜਾਂ ਕੋਈ ਜੱਥੇਬੰਦੀ ਜੋ ਇਸ ਇਲਾਕੇ ਵਿਚ ਘੁੰਮ ਕੇ ਕੋਈ ਐਸੀ ਯਾਦਗਾਰ ਬਣਾ ਦੇਵੇ, ਜਿਸ ਨੂੰ ਦੇਖਦਿਆਂ ਹੀ ਸ਼ਹੀਦਾਂ ਦੇ ਸਾਹਮਣੇ ਸਿਰ ਝੁਕ ਜਾਇਆ ਕਰਨ ਅਤੇ ਉਹਨਾਂ ਦੀਆਂ ਰੂਹਾਂ ਪੰਥ ਦੀਆਂ ਚੜ੍ਹਦੀਆਂ ਕਲਾਂ ਲਈ ਅਸੀਸਾਂ ਦੇਂਦੀਆਂ ਰਹਿਣ ।

www.AKJ.Org

# ਰਹਿੰਦੇ ਗੁਰ ਦਰੀਆਉ ਵਿਚਿ

ਗੁਰੂ ਪੰਚਮ ਪਾਤਸ਼ਾਹ ਜੀ ਨੂੰ ਅੰਤ ਵੇਲੇ ਦਿਤੇ ਗਏ ਭਿਆਨਕ ਤਸੀਹਿਆਂ ਦਾ ਦੁਖਦਾਈ ਚਿਤਰ ਅੱਖਾਂ ਸਾਹਮਣੇ ਲਿਆ ਕੇ ਅਸੀਂ ਕੰਬ ਉਠਦੇ ਹਾਂ। ਸੰਸਾਰਕ ਦੁਖਾਂ-ਸੁਖਾਂ ਵਿਚ ਲਿਬੜੇ ਹੋਏ ਅਸੀਂ ਅਲਪੱਗ ਜੀਵ ਉਸ ਮਹਾਨ ਆਤਮਾ ਦੀ ਉਚੀ ਬਿਵਸਥਾ ਦਾ ਟਿਕਾ ਅਤੇ ਪ੍ਰਭੂ-ਚਰਨਾਂ ਵਿਚ ਜੁੜੀ ਸੁਰਤ ਦਾ ਅਨੁਮਾਨ ਤਕ ਨਹੀਂ ਲਾ ਸਕਦੇ; ਕਿਉਂਕਿ ਸਾਡੀਆਂ ਨਜ਼ਰਾਂ ਸਰੀਰਾਂ ਤਕ ਹੀ ਸੀਮਤ ਹਨ।

ਅਜਿਹੇ ਸਮੇਂ ਸਤਿਗੁਰਾਂ ਦੇ ਅਨਿਨ ਸੇਵਕ ਤੇ ਪੂਰਨ ਗੁਰਸਿਖ ਭਾਈ ਗੁਰਦਾਸ ਜੀ ਇਸ ਮਹਾਨ ਸ਼ਹੀਦੀ ਸਾਕੇ ਦਾ ਦਰਸ਼ਨ ਕੁਝ ਹੋਰ ਰੂਪ ਵਿਚ ਕਰਾਉਂਦੇ ਹਨ। ਇਹ ਦਰਸ਼ਨ ਅਸਾਂ ਸੰਸਾਰੀ ਜੀਵਾਂ ਦੀ ਤਕਣੀ ਤੋਂ ਨਿਰਾਲੇ ਹਨ। ਉਹ ਲਿਖਦੇ ਹਨ ਕਿ ਮੇਰਾ ਚੋਜੀ ਪ੍ਰੀਤਮ ਤਤੀ ਲੋਹ 'ਤੇ ਬੈਠਾ ਅਤੇ ਸੜਦੀ ਰੇਤ ਹੇਠਾਂ ਕਿਸੇ ਅਨੂਪਮ ਅਵਸਥਾ ਤੇ ਸਹਿਜ ਸਮਾਧੀ ਵਿਚ ਰੰਗ-ਰਸ ਲੀਨ ਸੀ, ਉਹ ਨਾਮ-ਤਰੰਗਾਂ ਵਿਚ ਗੁਰੂ-ਚਰਨਾਂ ਵਿਚ ਟਿਕੇ ਹੋਏ ਇਲਾਹੀ ਸੁਖ ਮਾਣ ਰਹੇ ਸਨ। ਸ੍ਰੀ ਗੁਰੂ ਅਰਜਨ ਦੇਵ ਜੀ ਦੇ ਆਪਣੇ ਇਹ ਬਚਨ ਪਰਤੱਖ ਸਾਕਾਰ ਹੋ ਰਹੇ ਸਨ—

ਬੈਕੁੰਠ ਨਗਰੁ ਜਹਾ ਸੰਤ ਵਾਸਾ ॥
ਪ੍ਰਭ ਚਰਣ ਕਮਲ ਰਿਦ ਮਾਹਿ ਨਿਵਾਸਾ ॥

[ਸੂਹੀ ਮ: ੫

ਭਾਈ ਸਾਹਿਬ ਸ਼ਹੀਦੀ ਸਮੇਂ ਦੀ ਬਿਵਸਥਾ ਬਿਆਨ ਕਰਦੇ ਹੋਏ ਲਿਖਦੇ ਹਨ ਕਿ ਉਦੋਂ ਪੰਚਮ ਪਾਤਸ਼ਾਹ, ਗੁਰੂ ਰਾਮਦਾਸ ਜੀ ਰੂਪੀ ਦਰਿਆ ਵਿਚ ਇਕ ਸੁੰਦਰ ਮੱਛੀ ਵਾਂਗ ਤਾਰੀਆਂ ਲਾ ਰਹੇ ਸਨ। ਜਿਵੇਂ ਮੱਛੀ ਦਰਿਆ ਦੇ ਨਿਰਮਲ ਜਲ ਵਿਚ ਓਤ ਪੋਤ ਲੀਨ ਹੋਈ ਅਨੰਦ ਮਾਣਦੀ ਹੈ, ਉਹ ਇਧਰ ਉਧਰ ਸਭ ਪਾਸੇ ਜਲ ਹੀ ਜਲ ਵੇਖਦੀ ਹੈ, ਉਸ ਨੂੰ ਹੋਰ ਕੁਝ ਨਜ਼ਰ ਹੀ ਨਹੀਂ ਆਉਂਦਾ, ਨਾ ਕੋਈ ਮਾਛੀ ਅਤੇ ਨਾ ਕੋਈ ਜਾਲ, ਇਵੇਂ ਹੀ ਗੁਰੂ ਅਰਜਨ ਦੇਵ ਜੀ ਗੁਰੂ ਰਾਮਦਾਸ ਜੀ ਦੇ ਦਰਸ਼ਨਾਂ ਵਿਚ ਸਮਾਏ ਹੋਏ ਅਨੰਦ ਮਾਣ ਰਹੇ ਸਨ ਅਤੇ ਸਭ ਪਾਸੇ ਗੁਰਦੇਵ ਪਰਮੇਸ਼ਰ ਦੇ ਹੀ ਰੰਗ ਖਿੜੇ ਨਜ਼ਰ ਆ ਰਹੇ ਸਨ।

ਦੂਜੀ ਮਿਸਾਲ ਪਤੰਗੇ ਦੀ ਦਿਤੀ ਹੈ ਕਿ ਜਿਵੇਂ ਪਤੰਗਾ ਜਗਦੀ ਜੋਤ ਤੇ ਲੱਟੂ ਹੋ ਜਾਂਦਾ ਹੈ, ਉਹ ਜਗਦੀ ਲਾਟ ਦੇ ਚਾਨਣ 'ਤੇ ਮਸਤ ਹੋਇਆ ਆਪਣਾ ਆਪ ਕੁਰਬਾਨ ਕਰ ਦੇਂਦਾ ਹੈ, ਪਰ ਉਧਰੋਂ ਮੂੰਹ ਨਹੀਂ ਮੋੜਦਾ; ਇਵੇਂ ਹੀ ਗੁਰੂ ਪਾਤਸ਼ਾਹ ਜਾਗਤ ਜੋਤ ਗੁਰੂ ਰਾਮਦਾਸ ਜੀ ਦੇ ਦਰਸ਼ਨਾਂ ਵਿਚ ਮਸਤੂਲ ਮਸਤ ਹੋ ਰਹੇ ਸਨ।

ਇਸ ਤੋਂ ਅਗੇ ਹਿਰਨ ਤੇ ਸ਼ਬਦ ਦੀ ਪ੍ਰੀਤ ਦਰਸਾਈ ਹੈ ਕਿ ਜਿਵੇਂ ਉਹ ਘੰਡੇ-ਹੇੜੇ ਦੀ ਅਵਾਜ਼ ਦਾ ਖਿਚਿਆ ਹੋਇਆ ਉਸ ਵਲ ਭਜਾ ਜਾਂਦਾ ਹੈ, ਉਸ ਦੀ ਸੁਰਤ ਉਸ ਸ਼ਬਦ ਵਿਚ ਐਸੀ ਜੁੜੀ ਹੁੰਦੀ ਹੈ ਕਿ ਉਸ ਨੂੰ ਹੋਰ ਕੁਝ ਸੁਝਦਾ-ਬੁਝਦਾ ਹੀ ਨਹੀਂ, ਭਾਵੇਂ ਉਹ ਕਿਸੇ ਫਾਹੀ ਵਿਚ ਫਸ ਜਾਂਦਾ ਹੈ। ਇਵੇਂ ਹੀ ਗੁਰੂ ਅਰਜਨ ਦੇਵ ਜੀ ਗੁਰ-ਸ਼ਬਦ ਵਿਚ ਲਿਵਲੀਨ ਹੋਏ ਬੈਠੇ ਸਨ ਅਤੇ ਅੰਤ ਸਮੇਂ ਜਦ ਭੀੜਾ ਆ ਬਣੀ ਤਾਂ ਉਹਨਾਂ ਦੇ ਅੰਦਰ ਗੁਰ-ਸ਼ਬਦ ਤੋਂ ਬਿਨਾਂ ਹੋਰ ਕੋਈ ਖ਼ਿਆਲ ਚਿਤ-ਚੇਤਾ ਵੀ ਨਹੀਂ ਸੀ। ਸਗੋਂ ਇਸ ਤੋਂ ਉਲਟ ਉਹ ਆਪਣੇ ਗੁਰਦੇਵ ਦੇ ਚਰਨਾਂ ਨਾਲ ਅਜਿਹੇ ਲਪਟੇ ਹੋਏ ਸਨ ਕਿ ਉਸ ਆਤਮ-ਸੁਖ-ਬਿਵਸਥਾ ਵਿਚ ਸਾਰਾ ਸਮਾਂ ਇਸ ਤਰ੍ਹਾਂ ਬੀਤ ਗਿਆ ਜਿਵੇਂ ਭੋਰਾ ਕੰਵਲ-ਫੁੱਲ ਦੀ ਸੁਗੰਧੀ ਵਿਚ ਗੁਟ ਹੁੰਦਾ ਹੈ ਅਤੇ ਸੂਰਜ ਅਸਤ ਹੋਣ 'ਤੇ ਕੰਵਲ ਫੁੱਲ ਵਿਚ ਹੀ ਮੀਟਿਆ ਜਾਂਦਾ ਹੈ। ਉਸ ਆਤਮ-ਅਰੂੜ-ਸਮਾਧੀ ਵਿਚ ਗੁਰੂ ਅਰਜਨ ਦੇਵ ਜੀ ਦੇ ਅੰਤਰ ਆਤਮੇ ਗੁਰ-ਸ਼ਬਦ ਦੀ ਇਕ-ਰਸ ਧੁਨੀ ਇਉਂ ਗੂੰਜ ਰਹੀ ਸੀ ਜਿਵੇਂ ਇਕ ਪਪੀਹਾ ਸਵਾਂਤੀ ਬੂੰਦ ਲਈ ਲਗਾਤਾਰ ਪ੍ਰਿਉ ਪ੍ਰਿਉ ਦੀ ਰਟ ਲਾਈ ਰਖਦਾ ਹੈ। ਇਹ ਧੁਨੀ ਐਸੀ ਪ੍ਰਬਲ ਚਲ ਰਹੀ ਸੀ ਜਿਸ ਤੋਂ ਵਿਛੋੜਾ ਅਸਹਿ ਸੀ। ਗੁਰੂ ਪਰਮੇਸ਼ਰ ਦੇ ਸਨਮੁਖ ਓਤ ਪੋਤ ਹੋਏ ਹੋਏ ਜਿਸ ਪਿਰਮ ਰਸ ਦੇ ਅੰਮ੍ਰਿਤ ਨੂੰ ਉਹ ਚਖ ਰਹੇ ਸਨ ਉਸ ਦਾ ਫਲ ਸਰੂਪ ਅਗੰਮੀ ਸੁਖ ਸੀ, ਜੋ ਕਹਿਣ ਕਥਨ ਤੋਂ ਬਾਹਰਾ ਹੈ। ਅਜਿਹੇ ਨਾਮ-ਰੰਗ-ਤਰੰਗਾਂ ਵਿਚ ਉਹ



www.AKJ.Org

ਗੁਰਦੇਵ ਦੀ ਹਜ਼ੂਰੀ ਵਿਚ ਸਹਿਜ-ਸਮਾਧੀ ਵਿਚ ਅਸਥਿਤ ਹੋ ਰਹੇ ਹਨ।

**ਗੁਰੂ** ਅਰਜਨ ਦੇਵ ਜੀ ਦੀ ਐਸੀ ਅਚਰਜ ਤੇ ਬਿਸਮਾਦੀ ਦਸ਼ਾ ਨੂੰ ਦਰਸ-ਪਰਸ ਕੇ ਭਾਈ ਗੁਰਦਾਸ ਜੀ ਵਾਰਨੇ ਬਲਿਹਾਰਨੇ ਜਾ ਰਹੇ ਹਨ। ਸਾਰੀ ਪਉੜੀ ਇਸ ਤਰ੍ਹਾਂ ਬਿਆਨ ਕੀਤੀ ਹੈ—

ਰਹਿੰਦੇ ਗੁਰ ਦਰੀਆਉ ਵਿਚਿ, ਮੀਨ ਕੁਲੀਨ ਹੇਤੁ ਨਿਰਬਾਣੀ॥ ਦਰਸਨੁ ਦੇਖਿ ਪਤੰਗ ਜਿਉ, ਜੋਤੀ ਅੰਦਰਿ ਜੋਤਿ ਸਮਾਣੀ॥ ਸਬਦ ਸੁਰਤਿ ਲਿਵ ਮਿਰਗ ਜਿਉ, ਭੀੜ ਪਈ ਚਿਤਿ ਅਵਰੁ ਨ ਆਣੀ॥ ਚਰਨ ਕਵਲ ਮਿਲਿ ਭਵਰ ਜਿਉ, ਸੁਖ ਸੰਪਟ ਵਿਚਿ ਰੈਣਿ ਵਿਹਾਣੀ॥ ਗੁਰੁ ਉਪਦੇਸੁ ਨ ਵਿਸਰੈ, ਬਾਬੀਹੇ ਜਿਉ ਆਖ ਵਖਾਣੀ॥ ਗੁਰਮੁਖਿ ਸੁਖ ਫਲੁ ਪਿਰਮ ਰਸ, ਸਹਜ ਸਮਾਧਿ ਸਾਧ ਸੰਗਿ ਜਾਣੀ॥ ਗੁਰ ਅਰਜਨ ਵਿਟਹੁ ਕੁਰਬਾਣੀ॥੨੩॥ [ਵਾਰ ੨੪]

ਭਾਈ ਗੁਰਦਾਸ ਜੀ ੨੬ਵੀਂ ਵਾਰ ਦੀ ੨੭ਵੀਂ ਪਉੜੀ ਵਿਚ ਮੱਛੀ ਤੇ ਪਾਣੀ, ਪਤੰਗੇ ਤੇ ਦੀਪਕ, ਕੰਵਲ ਤੇ ਜਲ, ਭੌਰੇ ਤੇ ਫੁੱਲ, ਪਪੀਹੇ ਤੇ ਸਵਾਂਤੀ ਬੂੰਦ, ਹਿਰਨ ਤੇ ਨਾਦ, ਕੋਇਲ ਤੇ ਅੰਬ, ਮਾਨ ਸਰੋਵਰ ਤੇ ਹੰਸ, ਚਕਵੀ ਤੇ ਸੂਰਜ, ਚੰਦ ਤੇ ਚਕੋਰ ਆਦਿ ਦੀ ਪ੍ਰੀਤੀ ਦੀਆਂ ਉਦਾਹਰਣਾਂ ਦੇ ਕੇ ਗੁਰਸਿਖ ਤੇ ਸਤਿਗੁਰੂ ਦੀ ਪ੍ਰੀਤੀ ਦੀਆਂ ਸਿਖਰਾਂ ਨੂੰ ਛੋਹ ਜਾਂਦੇ ਹਨ। ਪਰ ਗੁਰੂ ਅਰਜਨ ਦੇਵ ਜੀ ਆਪਣੀ ਬਾਣੀ ਵਿਚ ਆਪਣੇ ਪ੍ਰਿਆ-ਪ੍ਰੀਤਮ ਦੇ ਪ੍ਰੇਮ-ਪਿਆਰ ਦਾ ਚਿਤਰ ਇਉਂ ਖਿਚਦੇ ਹਨ:—

ਮੋਹਿ ਮਛੁਲੀ ਤੁਮ ਨੀਰ, ਤੁਝ ਬਿਨ ਕਿਉ ਸਰੈ॥ ਮੋਹਿ ਚਾਤ੍ਰਿਕ ਤੁਮ ਬੂੰਦ, ਤ੍ਰਿਪਤਉ ਮੁਖ ਪਰੈ॥ —ਬਿਲਾਵਲੁ ਮ: ੫

ਆਪਣੇ ਪ੍ਰੀਤਮ ਨੂੰ ਸਵਾਂਤੀ ਬੂੰਦ ਦਰਸਾਂਦੇ ਹੋਏ ਫੁਰਮਾਂਦੇ ਹਨ ਕਿ ਇਸ ਸਵਾਂਤੀ ਬੂੰਦ ਤੋਂ ਬਿਨਾਂ ਸ਼ਾਂਤੀ ਜਾਂ ਤ੍ਰਿਪਤੀ ਹੋ ਹੀ ਨਹੀਂ ਸਕਦੀ। ਫਿਰ ਹੋਰ ਵਧੇਰੇ ਇਸ ਤਰ੍ਹਾਂ ਦੀ ਪ੍ਰੀਤ ਦਾ ਜ਼ਿਕਰ ਇਨ੍ਹਾਂ ਸ਼ਬਦਾਂ ਵਿਚ ਕਰਦੇ ਹਨ—

ਤੂ ਜਲਨਿਧਿ ਹਮ ਮੀਨ ਤੁਮਾਰੇ॥ ਤੇਰਾ ਨਾਮੁ ਬੂੰਦ ਹਮ ਚਾਤ੍ਰਿਕ ਤਿਖਹਾਰੇ॥ ਤੁਮਰੀ ਆਸ ਪਿਆਸਾ ਤੁਮਰੀ, ਤੁਮ ਹੀ ਸੰਗਿ ਮਨੁ ਲੀਨਾ ਜੀਉ॥ —ਮਾਝ ਮਹਲਾ ੫

ਪਰ ਜਦੋਂ ਇਹ ਪ੍ਰੀਤ ਅਤਿ ਪ੍ਰਬਲ ਹੋ ਜਾਂਦੀ ਹੈ ਅਤੇ ਕਿਵੇਂ ਵੀ ਧੀਰਜ ਨਹੀਂ ਹੁੰਦਾ ਤਾਂ ਫਿਰ ਇਉਂ ਫੁਰਮਾਂਦੇ ਹਨ:—

ਬਿਸਰਤ ਨਾਹਿ ਮਨ ਤੇ ਹਰੀ॥

ਅਬ ਇਹ ਪ੍ਰੀਤਿ ਮਹਾ ਪ੍ਰਬਲ ਭਈ, ਆਨ ਬਿਖੈ ਜਰੀ॥ ਬੂੰਦ ਕਹਾ ਤਿਆਗਿ ਚਾਤ੍ਰਿਕ, ਮੀਨ ਰਹਨ ਨ ਘਰੀ॥ ਗੁਨ ਗੋਪਾਲ ਉਚਾਰੁ ਰਸਨਾ, ਟੇਵ ਏਹ ਪਰੀ॥ ਮਹਾ ਨਾਦ ਕੁਰੰਕ ਮੋਹਿਓ, ਬੇਧਿ ਤੀਖਨ ਸਰੀ॥ ਪ੍ਰਭ ਚਰਨ ਕਮਲ ਰਸਾਲ, ਨਾਨਕ ਗਾਠਿ ਬਾਧਿ ਧਰੀ॥ —ਕੇਦਾਰਾ ਮਹਲਾ ੫

ਇਥੇ ਹੀ ਬਸ ਨਹੀਂ, ਸਗੋਂ ਅਗੇ ਜਾ ਕੇ ਕਹਿੰਦੇ ਹਨ ਕਿ ਮੈਨੂੰ ਪ੍ਰਿਆ-ਪ੍ਰੇਮ ਤੋਂ ਬਿਨਾਂ ਹੋਰ ਕੁਝ ਵੀ ਨਹੀਂ ਚੰਗਾ ਲਗਦਾ; ਮੋਤੀ ਅਤੇ ਹੀਰੇ ਜਵਾਹਰਾਤ, ਰਾਜ ਭਾਗ ਜਾਂ ਹੁਕਮ ਕੁਝ ਕੁਝ ਵੀ ਨਹੀਂ ਚਾਹੀਦਾ, ਕੇਵਲ ਪਿਆਰੇ ਸੰਤ-ਪ੍ਰਭੂ ਦੇ ਚਰਨਾਂ ਦੀ ਸਰਨ ਦੀ ਜਾਚਨਾ ਹੈ, ਬਸ ਸਾਰੇ ਸੁਖ ਤੇ ਸ਼ਾਂਤੀ ਉਥੇ ਹੀ ਹਨ। ਫੁਰਮਾਨ ਹੈ:—

ਓਹਾ ਪ੍ਰੇਮ ਪਿਰੀ॥੧॥ਰਹਾਉ॥

ਕਨਿਕ ਮਾਣਿਕ ਗਜ ਮੋਤੀਅਨ ਲਾਲਨ, ਨਹਿ ਨਾਹ ਨਹੀ॥੧॥ ਰਾਜ ਨ ਭਾਗ ਨ ਹੁਕਮ ਨ ਸਾਦਨ॥ ਕਿਛੁ ਕਿਛੁ ਨ ਚਾਹੀ॥੨॥ ਚਰਨਨ ਸਰਨਨ ਸੰਤਨ ਬੰਦਨ॥ ਸੁਖੋ ਸੁਖ ਪਾਹੀ॥ ਨਾਨਕ ਤਪਤਿ ਹਰੀ॥ ਮਿਲੇ ਪ੍ਰੇਮ ਪਿਰੀ॥੩॥੩॥੧੪੩॥ —ਆਸਾ ਮਹਲਾ ੫

ਪੰਚਮ ਪਾਤਸ਼ਾਹ ਜੀ ਨੇ ਜਿਸ ਤਰ੍ਹਾਂ ਪ੍ਰੀਤ ਦੀਆਂ ਆਖ਼ਰੀ ਮੰਜ਼ਲਾਂ ਦੇ ਰੰਗ ਆਪਣੀ ਬਾਣੀ ਵਿਚ ਦਰਸਾਏ ਹਨ, ਉਨ੍ਹਾਂ ਨੂੰ ਸੋਨੇ ਦੇ ਮੰਦਰਾਂ ਵਿਚ ਵੀ ਜਿਸ ਤੀਬਰਤਾ ਨਾਲ ਨਿਭਾਇਆ ਹੈ ਓਵੇਂ ਹੀ ਤਤੀਆਂ ਤਵੀਆਂ ਤੇ ਤਾੜੀਆਂ ਲਾ ਕੇ ਇਸ ਪ੍ਰੀਤ ਨੂੰ ਸਿਰੇ ਚੜ੍ਹਾ ਗਏ ਹਨ:—

ਸੇਵਕ ਕੀ ਓੜਕਿ ਨਿਬਹੀ ਪ੍ਰੀਤਿ॥



www.AKJ.Org

ਜੀਵਤ ਸਾਹਿਬੁ ਸੇਵਿਓ ਅਪਨਾ, ਚਲਤੇ ਰਾਖਿਓ ਚੀਤਿ ॥੧॥ਰਹਾਉ॥ ਜੈਸੀ ਆਗਿਆ ਕੀਨੀ ਠਾਕੁਰਿ, ਤਿਸ ਤੇ ਮੁਖੁ ਨਹੀ ਮੋਰਿਓ ॥ ਸਹਜਿ ਅਨੰਦੁ ਰਖਿਓ ਗ੍ਰਿਹ ਭੀਤਰ, ਉਠਿ ਉਆਹੂ ਕਉ ਦਉਰਿਓ ॥੨॥ —ਮਾਰੂ ਮਹਲਾ ੫

ਗੁਰੂ ਪੰਚਮ ਪਾਤਸ਼ਾਹ ਜੀ ਨੇ ਮਨਾਂ ਨੂੰ ਸੁਖ ਦੇਣ ਵਾਲੀ "ਸੁਖਮਨੀ" ਸਾਨੂੰ ਬਖ਼ਸ਼ੀ ਹੈ ਅਤੇ ਉਸ ਦਾ ਸਾਰੰਸ਼ ਦਿਤਾ ਹੈ—ਸੁਖਮਨੀ ਸੁਖ ਅੰਮ੍ਰਿਤ ਪ੍ਰਭ ਨਾਮੁ ॥ ਭਗਤ ਜਨਾ ਕੈ ਮਨਿ ਬਿਸ੍ਰਾਮ ॥

'ਸੁਖਮਨੀ' ਵਿਚ ਜ਼ਿਕਰ ਹੈ ਕਿ ਜਿਸ ਹਿਰਦੇ ਵਿਚ ਸੁਖਾਂ ਦੇ ਸੋਮੇ "ਨਾਮ" ਦਾ ਵਾਸਾ ਹੋ ਜਾਵੇ, ਉਹ ਪ੍ਰਭੂ-ਕਿਰਪਾ ਨਾਲ ਨਿਮਖ ਨਿਮਖ ਉਸ ਥਾਨ ਥਨੰਤਰ ਵਸਦੇ ਪ੍ਰਭੂ ਨੂੰ ਜਪਦਾ ਹੈ ਅਤੇ ਇਉਂ ਜਪਦੇ ਜਪਦੇ ਉਹ ਐਸੀ ਜੁਗਤ ਵਿਚ ਰੰਗਿਆ ਜਾਂਦਾ ਹੈ ਕਿ—

ਪ੍ਰਭ ਕੀ ਆਗਿਆ ਆਤਮ ਹਿਤਾਵੈ ॥ ਜੀਵਨ ਮੁਕਤਿ ਸੋਊ ਕਹਾਵੈ ॥ ਤੈਸਾ ਹਰਖੁ ਤੈਸਾ ਉਸੁ ਸੋਗੁ ॥ ਸਦਾ ਅਨੰਦੁ ਤਹ ਨਹੀ ਬਿਓਗੁ ॥ ਤੈਸਾ ਸੁਵਰਨ ਤੈਸੀ ਉਸੁ ਮਾਟੀ ॥ ਤੈਸਾ ਅੰਮ੍ਰਿਤੁ ਤੈਸੀ ਬਿਖੁ ਖਾਟੀ ॥ ਤੈਸਾ ਮਾਨੁ ਤੈਸਾ ਅਭਿਮਾਨੁ ॥ ਤੈਸਾ ਰੰਕੁ ਤੈਸਾ ਰਾਜਾਨੁ ॥ ਜੋ ਵਰਤਾਏ ਸਾਈ ਜੁਗਤਿ ॥ ਨਾਨਕ ਓਹੁ ਪੁਰਖੁ ਕਹੀਐ ਜੀਵਨ ਮੁਕਤਿ ॥੭॥੯॥

'ਸੁਖਮਨੀ' ਵਿਚ ਦਰਸਾਏ ਇਹ ਰੰਗ ਗੁਰੂ ਅਰਜਨ ਦੇਵ ਜੀ ਦੇ ਜੀਵਨ ਵਿਚ ਪਰਗਟ-ਪਹਾਰੇ ਲਸ-ਲਸ ਕਰ ਰਹੇ ਹਨ ਅਤੇ ਛੇਕੜ ਉਨ੍ਹਾਂ ਦੀ ਸ਼ਹੀਦੀ ਅੱਖਾਂ ਸਾਹਮਣੇ ਆ ਕੇ ਇਹ ਫ਼ੁਰਮਾਨ ਉਜਾਗਰ ਕਰ ਜਾਂਦੀ ਹੈ—

ਧੰਨੁ ਧੰਨੁ ਧੰਨੁ ਜਨੁ ਆਇਆ ॥ ਜਿਸੁ ਪ੍ਰਸਾਦਿ ਸਭੁ ਜਗਤੁ ਤਰਾਇਆ ॥ ਜਨ ਆਵਨ ਕਾ ਇਹੈ ਸੁਆਉ ॥ ਜਨ ਕੈ ਸੰਗਿ ਚਿਤਿ ਆਵੈ ਨਾਉ ॥ ਆਪਿ ਮੁਕਤੁ ਮੁਕਤੁ ਕਰੈ ਸੰਸਾਰੁ ॥ ਨਾਨਕ ਤਿਸੁ ਜਨ ਕਉ ਸਦਾ ਨਮਸਕਾਰੁ ॥੩॥੨੩॥

★

---

## ਸ: ਦਰਸ਼ਨ ਸਿੰਘ ਜੀ ਦਿਲੀ ਦੀ ਧਰਮ-ਪਤਨੀ ਦਾ ਸਲਾਨਾ ਭੋਗ

ਬੀਬੀ ਜਗਜੀਤ ਸਿੰਘ ਕੌਰ ਸੁਪਤਨੀ ਸ: ਦਰਸ਼ਨ ਸਿੰਘ ਜੀ ਦੀ ਪਹਿਲੀ ਸਾਲਾਨਾ ਯਾਦ ਵਿਚ, ਉਨ੍ਹਾਂ ਦੇ ਗ੍ਰਿਹ F4/13. ਮਾਡਲ ਟਾਊਨ, ਦਿਲੀ-੯ ਵਿਖੇ ੮ ਜੂਨ ੧੯੭੫ ਐਤਵਾਰ ਨੂੰ ਅੰਮ੍ਰਿਤ ਵੇਲੇ ਚਾਰ ਵਜੇ ਸ੍ਰੀ ਅਖੰਡਪਾਠ ਦੇ ਭੋਗ ਪੈਣਗੇ। ਉਪਰੰਤ ੧੧ ਵਜੇ ਤਕ ਆਸਾ ਦੀ ਵਾਰ ਦੇ ਕੀਰਤਨ ਹੋਣਗੇ। ਗੁਰਸਿਖ ਵੀਰ ਭੈਣਾਂ ਵਿਛੜੀ ਰੂਹ ਦੀ ਸ਼ਾਂਤੀ ਲਈ ਹਾਜ਼ਰੀਆਂ ਭਰ ਕੇ ਅਸੀਸੜੀਆਂ ਬਖਸ਼ਣ ਜੀ।

---

## ਪਿੰਡ ਢੁਡੀਆਂ ਵਾਲਾ ਵਿਖੇ ਸ੍ਰੀ ਅਖੰਡ ਪਾਠ ਤੇ ਕੀਰਤਨ ਸਮਾਗਮ

ਸੰਗਤਾਂ ਦੀ ਸੇਵਾ ਵਿਖੇ ਬੇਨਤੀ ਹੈ ਕਿ ਪਿੰਡ ਢੁਡੀਆਂ ਵਾਲਾ ਜ਼ਿਲਾ ਕਪੂਰਥਲਾ ਵਿਖੇ ੨੧ ਜੂਨ ਸ਼ਨੀਵਾਰ ਸਵੇਰੇ ਸ੍ਰੀ ਅਖੰਡਪਾਠ ਦੇ ਭੋਗ ਪੈਣਗੇ। ਉਪਰੰਤ ਦੁਪਹਿਰ ਤਕ ਅਖੰਡ ਕੀਰਤਨ ਹੋਣਗੇ। ਉਸੇ ਤਰੀਕ ਰਾਤ ਨੂੰ ਸਾਢੇ ਅਠ ਵਜੇ ਰੈਣ ਸਬਾਈ ਕੀਰਤਨ ਅਰੰਭ ਹੋ ਕੇ ਐਤਵਾਰ ਸਵੇਰੇ ਛੇ ਵਜੇ ਭੋਗ ਪੈਣਗੇ। ਸਨਿਚਰਵਾਰ ਸ਼ਾਮ ਨੂੰ ਅੰਮ੍ਰਿਤ-ਸਿੰਚਾਰ ਵੀ ਹੋਣਗੇ।

ਜਲੰਧਰ ਤੇ ਕਪੂਰਥਲੇ ਦੇ ਅਖੰਡ ਕੀਰਤਨੀ ਜੱਥੇ ਹਾਜ਼ਰੀਆਂ ਭਰ ਰਹੇ ਹਨ। ਸਮੂੰਹ ਮਾਈ ਭਾਈ ਕੀਰਤਨ ਦੇ ਰਸੀਏ ਅਤੇ ਅੰਮ੍ਰਿਤ-ਅਭਿਲਾਖੀ ਪ੍ਰਾਣੀ ਪੁਜ ਕੇ ਗੁਰੂ ਕੀਆਂ ਖੁਸ਼ੀਆਂ ਮਾਣੋ ਜੀ।

ਪਿੰਡ ਢੁਡੀਆਂ ਵਾਲਾ ਕਪੂਰਥਲੇ ਤੋਂ ਚਾਰ ਮੀਲ ਸੁਲਤਾਨਪੁਰ ਰੋਡ ਤੇ ਹੈ।

ਦਾਸਰੇ—ਅਖੰਡ ਕੀਰਤਨੀ ਜੱਥਾ, ਢੁਡੀਆਂ ਵਾਲਾ (ਕਪੂਰਥਲਾ)



www.AKJ.Org

# ਗੁਰੂ ਅਰਜੁਨ ਪਰਤਖ੍ਹ ਹਰਿ

[ਵਲੋਂ—ਸ: ਵਿਧਾਤਾ ਸਿੰਘ ਜੀ 'ਤੀਰ']

ਕੁਦਰਤ ਦੇ ਕਾਮਲ ਕਾਦਰ ਨੇ,
ਇਕ ਅਜਬ ਕਮਾਲ ਵਿਖਾਇਆ ਹੈ।
ਰੂਹ ਕੱਢ ਕੇ ਕੋਮਲ ਹੁਨਰਾਂ ਦੀ,
ਇਕ ਕੋਮਲ ਦਿਲ ਬਣਾਇਆ ਹੈ।
ਸਭ ਸ਼ਹਿਨ-ਸ਼ਕਤੀਆਂ ਗੋ ਗੋ ਕੇ,
ਇਕ ਸਾਬਰ ਬੁੱਤ ਸਜਾਇਆ ਹੈ।
ਫਿਰ ਆਪ ਆਪਣੀ ਜੋਤੀ ਦਾ,
ਸਭ ਚਾਨਣ ਉਸ ਵਿਚ ਪਾਇਆ ਹੈ।

ਪਾ ਨਜ਼ਰ ਸਹੰਸਰ ਨੈਣਾਂ ਦੀ,
ਨੈਣਾਂ ਵਿਚ ਆਪ ਸਮਾਇਆ ਹੈ।
ਜੋ ਹਰ-ਥਾਵਾਂ ਹਰਿ ਵਜਦਾ ਹੈ,
ਉਹ ਅਰਜਨ ਬਣ ਕੇ ਆਇਆ ਹੈ।

ਪਈ ਕੂਕੇ ਬਾਣੀ ਅਰਸ਼ਾਂ ਦੀ,
ਇਹ ਅਮਰ ਸੁਗੰਧ ਖਿਲਾਰੇਗਾ।
ਇਸ ਦੇ ਲੂੰ ਲੂੰ ਹਿਮਾਲੇ ਹਨ,
ਇਹ ਤੱਤੀਆਂ ਤਵੀਆਂ ਠਾਰੇਗਾ।
ਮਨ ਜਗ ਦਾ ਸੁਖੀਆ ਕਰਨ ਲਈ,
ਮੁਖ ਤੋਂ ਸੁਖਮਨੀ ਉਚਾਰੇਗਾ।
ਇਹ ਆਸ਼ਕ ਅੰਦਰ ਦੇਗਾਂ ਦੇ,
ਕਰਨੀ ਦੇ ਮਹਿਲ ਉਸਾਰੇਗਾ।

ਇਹ ਉਹ ਹੈ ਜਿਸ ਦਾ ਰੱਜ ਰੱਜ ਕੇ,
ਯੱਸ਼ ਵੇਦ ਪੁਰਾਣਾਂ ਗਾਇਆ ਹੈ।
ਇਹ ਹਰਿਜੀ ਹੈ, ਇਸ ਹਰਨਾ ਨਹੀਂ,
ਹਰਿ ਅਰਜਨ ਬਣ ਕੇ ਆਇਆ ਹੈ।

ਪੰਜ ਪਾਣੀ ਇਸ ਨੂੰ ਪੂਜਣਗੇ,
ਪੰਜਵਾਂ ਨਾਨਕ ਸਦਵਾਵੇਗਾ।
ਸੰਗੀਤ - ਚਾਰੀਆ ਮਹਾਂ ਕਵੀ,
ਇਹ ਰਾਗ ਕਾਵਿ ਚਮਕਾਵੇਗਾ।
ਤਖ਼ਤੇ ਪਈ ਮਾਂ ਪੰਜਾਬੀ ਨੂੰ,
ਇਹ ਤਖ਼ਤ ਉੱਤੇ ਬਿਠਲਾਵੇਗਾ।

ਤਕ ਇਸ ਦੀ ਘੋਰ ਤਪੱਸਿਆ ਨੂੰ,
ਜਗ ਮੂੰਹ ਵਿਚ ਉਂਗਲੀ ਪਾਵੇਗਾ।

ਇਹ ਸੋਢ-ਬੰਸ ਦੇ ਖ਼ੂਨ ਲਈ,
ਇਕ ਨਵਾਂ ਸੰਦੇਸ ਲਿਆਇਆ ਹੈ।
ਇਹ ਹਰਿ ਵੀ ਹੈ ਹਰਿ-ਜਨ ਵੀ ਹੈ,
ਜੋ ਅਰਜਨ ਬਣ ਕੇ ਆਇਆ ਹੈ।

ਅੱਗ, ਸੂਰਜ, ਰੇਤਾ, ਦੇਗ, ਤਵੀ,
ਪੰਜ ਇਸ ਤੇ ਹੱਲਾ ਬੋਲਣਗੇ।
ਪੰਜ ਰਲ ਕੇ ਪੰਜਵੇਂ ਨਾਨਕ ਦਾ,
ਹਠ ਸਬਰ ਹੌਸਲਾ ਤੋਲਣਗੇ।
ਇਸ ਦੇ ਦਿਲ ਵਿਚਲੀ ਸ਼ਾਂਤੀ ਨੂੰ,
ਲੱਖ ਲਾਂਬੂ ਆਣ ਟਟੋਲਣਗੇ।
ਲੱਖ ਛਾਲੇ ਇਸ ਦੇ ਲੂੰ ਲੂੰ ਦੇ,
ਲੱਖ ਰੱਬੀ ਰਮਜ਼ਾਂ ਖੋਲ੍ਹਣਗੇ।

ਖੰਡਾਂ ਬ੍ਰਹਿਮੰਡਾਂ ਪੁਰੀਆਂ ਤੇ,
ਜਿਸ ਰੱਬ ਦੀ ਖਿਲਰੀ ਮਾਇਆ ਹੈ।
ਉਹ ਵਰਜਣ ਖ਼ਾਤਰ ਬਦੀਆਂ ਤੋਂ,
ਅਜ ਅਰਜਨ ਬਣ ਕੇ ਆਇਆ ਹੈ।

ਇਹ ਸੱਚ ਹੈ, ਸੱਚ ਦਾ ਆਸ਼ਕ ਵੀ,
ਇਸ ਅੱਗ ਵਿਚ ਠਰਨਾ ਦਸਣਾ ਹੈ।
ਇਸ ਜਗ ਨੂੰ ਜੀਉਣਾ ਦਸਣਾ ਹੈ,
ਇਸ ਮਰ ਕੇ ਮਰਨਾ ਦਸਣਾ ਹੈ।
ਇਸ ਦੇਗ ਉਬਲਦੀ ਵਿਚ ਤਰ ਕੇ,
ਡੁੱਬਿਆਂ ਨੂੰ ਤਰਨਾ ਦਸਣਾ ਹੈ।
ਇਸ ਸ਼ਾਂਤੀ-ਪੁੰਜ ਨੇ ਦੁਨੀਆ ਨੂੰ,
ਦਮ ਸੱਚ ਦਾ ਭਰਨਾ ਦਸਣਾ ਹੈ।

ਇਹ ਤੇਜ ਅਸੰਖਾਂ ਭਾਨਾਂ ਦਾ,
ਭਾਨੀ ਨੇ ਕੁੱਖ ਤੋਂ ਜਾਇਆ ਹੈ।
ਅਜ 'ਤੀਰ' ਨਿਰਗੁਣੋਂ ਸਰਗੁਣ ਹੋ,
ਹਰਿ ਅਰਜਨ ਬਣ ਕੇ ਆਇਆ ਹੈ।

[ਪੁਸਤਕ 'ਭਿੰਨੀ ਰੈਨੜੀਏ' ਵਿਚੋਂ



www.AKJ.Org

# ਤਾਮਸਿ ਲਗਾ ਸਦਾ ਫਿਰੈ, ਅਹਿਨਿਸਿ ਜਲਤੁ ਬਿਹਾਇ॥

[ ਵਲੋਂ—ਸਾਰੰਗ ਜੀ, ਕਪੂਰਥਲਾ ]

ਤਿਹੀ ਗੁਣੀ ਸੰਸਾਰੁ ਭ੍ਰਮਿ ਸੁਤਾ, ਸੁਤਿਆ ਰੈਣਿ ਵਿਹਾਣੀ॥ [ਰਾਮਕਲੀ ਮ: ੩, ਅਨੰਦੁ

ਇਹ ਸੰਸਾਰ ਤਿੰਨਾਂ ਗੁਣਾਂ ਦੇ ਅਸਰ ਹੇਠ ਬੇਹੋਸ਼ੀ ਦੀ ਨੀਂਦ ਸੁੱਤਾ ਪਿਆ ਹੈ। ਇਉਂ ਮਨੁੱਖ ਦੀ ਸਾਰੀ ਉਮਰ ਬੀਤ ਜਾਂਦੀ ਹੈ, ਪਰ ਜਾਗ ਨਹੀਂ ਖੁਲ੍ਹਦੀ। ਹਾਂ "ਜਿਸਹਿ ਜਗਾਇ ਪੀਆਵੈ ਇਹੁ ਰਸੁ, ਅਕਥ ਕਥਾ ਤਿਨਿ ਜਾਨੀ" ਦੀ ਖੇਡ ਭਾਗਾਂ ਨਾਲ ਹੀ ਵਰਤਦੀ ਹੈ, ਨਹੀਂ ਤਾਂ ਅਸੀਂ ਰਜੋ, ਤਮੋ, ਸਤੋ ਗੁਣ ਵਿਚ ਹੀ ਵਿਚਰਦੇ ਰਹਿੰਦੇ ਹਾਂ।

ਤਿੰਨਾਂ ਗੁਣਾਂ ਦੀਆਂ ਵੱਖੋ ਵਖਰੀਆ ਲਕੀਰਾਂ ਖਿਚਣੀਆਂ ਤਾਂ ਬੜੀਆਂ ਔਖੀਆਂ ਹਨ, ਕਿਉਂਕਿ ਇਕੋ ਹੀ ਮਨੁੱਖ ਤਮੋ ਗੁਣੀ ਤੋਂ ਰਜੋ ਗੁਣੀ ਵਿਚ ਅਤੇ ਰਜੋ ਗੁਣੀ ਤੋਂ ਸਤੋਗੁਣੀ ਵਿਚ ਸਹਿਜੇ ਸਹਿਜੇ ਬਦਲਦਾ ਜਾਂਦਾ ਹੈ ਅਤੇ ਇਕ ਸਮਾਂ ਆਉਂਦਾ ਹੈ ਜਦੋਂ ਤਿੰਨਾਂ ਗੁਣਾਂ ਨੂੰ ਛਡ ਕੇ ਸਹਿਜ ਦੇ ਘਰ ਵਿਚ ਪੁੱਜ, ਅਨੰਦ ਮਾਣਦਾ ਹੈ। ਤਮੋ ਗੁਣ ਤੋਂ ਚਲ ਕੇ ਸਹਿਜ ਅਵਸਥਾ ਤਕ ਚਾਰ ਅਵਸਥਾਂ ਹਨ, ਜਿਨ੍ਹਾਂ ਦਾ ਬਾਣੀ ਵਿਚ ਕਈ ਥਾਈਂ ਸੰਕੇਤ ਮਿਲਦਾ ਹੈ। ਇਸ ਲੇਖ ਵਿਚ ਕੇਵਲ "ਤਮੋ ਗੁਣ" ਅਤੇ "ਤਮੋ ਗੁਣੀ ਸੁਭਾ" ਨੂੰ ਗੁਰਬਾਣੀ ਦੇ ਚਾਨਣੇ ਵਿਚ ਦੱਸਣ ਦਾ ਨਿਮਾਣਾ ਜਿਹਾ ਯਤਨ ਹੈ।

ਮਹਾਨ ਕੋਸ਼ ਵਿਚ ਭਾਈ ਕਾਨ੍ਹ ਸਿੰਘ ਜੀ ਨਾਭਾ ਨੇ 'ਤਮੋਗੁਣ' ਦੇ ਅਰਥ ਇਉਂ ਕੀਤੇ ਹਨ —

"ਅੰਧਕਾਰ ਰੂਪ ਮਾਇਆ ਦਾ ਤੀਜਾ ਗੁਣ, ਅਗ੍ਯਾਨ, ਕ੍ਰੋਧ।"

ਉਪਰੋਕਤ ਅਰਥਾਂ ਅਨੁਸਾਰ ਜੋ ਪ੍ਰਾਣੀ ਅੰਧਕਾਰ ਰੂਪ ਮਾਇਆ ਦੇ ਜਾਲ ਵਿਚ ਫਸੇ ਹੋਏ ਹਨ ਅਤੇ ਅਗਿਆਨਤਾ ਤੇ ਕ੍ਰੋਧ ਦੇ ਅਧੀਨ ਹੋ ਕੇ ਤਾਮਸੀ ਕਰਮ ਕਮਾਂਦੇ ਹਨ ਉਹ ਤਮੋਗੁਣੀ ਪੁਰਸ਼ ਕਹਾਉਂਦੇ ਹਨ। ਅਜਿਹੇ ਪੁਰਸ਼ ਨਾਮ ਤੋਂ ਕੋਹਾਂ ਦੂਰ ਹੁੰਦੇ ਹਨ ਅਤੇ ਉਹ ਸਾਕਤਾਂ, ਮਨਮੁਖਾਂ ਤੇ ਮੂਰਖਾਂ ਵਾਲੇ ਕਰਮ ਕਮਾਈ ਜਾਂਦੇ ਹਨ। ਇਹ ਲੋਕ ਆਪਣੇ ਮਨ ਦੀ ਮਤਿ ਦੇ ਆਸਰੇ ਤੁਰਦੇ ਹਨ। ਜੇ ਇਹਨਾਂ ਨੂੰ ਕੋਈ ਗਿਆਨ ਦੀ ਗੱਲ ਸੁਣਾਈ ਜਾਏ ਤਾਂ ਇਹਨਾਂ ਨੂੰ ਉੱਕਾ ਹੀ ਚੰਗੀ ਨਹੀਂ ਲਗਦੀ। ਰੱਬ ਤੋਂ ਭੁਲੇ ਹੋਣ ਕਰਕੇ ਰੱਬ ਦਾ ਨਾਮ ਵੀ ਇਹਨਾਂ ਨੂੰ ਸੁਖਾਂਦਾ ਨਹੀਂ। ਭਲਾ ਉਸ ਮਾਲਕ ਦਾ ਹੁਕਮ ਮੰਨਣਾ ਤਾਂ ਅਜੇ ਦੂਰ ਦੀ ਗੱਲ ਹੈ। ਯਥਾ ਗੁਰਵਾਕ :—

ਮੂਰਖਾਂ ਸਿਰਿ ਮੂਰਖ ਹੈ ਜੋ ਮੰਨੇ ਨਾਹੀ ਨਾਉ॥ [ਪੰਨਾ ੧੦੧੫

ਜਿਉ ਜਿਉ ਰਾਮੁ ਕਹਹਿ ਜਨ ਊਚੇ, ਨਰ ਨਿੰਦਕ ਡੰਸੁ ਲਗਾਇ॥ [ਰਾਮਕਲੀ ਮ: ੪, ਪੰਨਾ ੮੮੧

ਅਸੰਖ ਮੂਰਖ ਅੰਧ ਘੋਰ...ਵਾਲੀ, ਜਪੁਜੀ ਦੀ ਸਮੁੱਚੀ ਪਉੜੀ ਤਮੋਗੁਣੀ ਸੁਭਾ ਦਾ ਨਿਰੂਪਣ ਕਰਦੀ ਹੈ।

ਭਾਵ ਇਹ ਹੈ ਕਿ ਤਮੋਗੁਣੀ ਸੁਭਾ ਵਾਲੇ ਪ੍ਰਾਣੀ ਹਰ ਤਰ੍ਹਾਂ ਦੇ ਵਿਸ਼ੇ ਵਿਕਾਰਾਂ ਵਿਚ ਅਤੇ ਖਾਣ-ਪੀਣ ਵਿਚ ਮਸਤ ਰਹਿੰਦੇ ਹਨ। ਉਹ ਆਪਣੇ ਜੀਵਨ ਦਾ ਮਨੋਰਥ ਖਾਣ-ਪੀਣ ਤੋਂ ਸਿਵਾ ਹੋਰ ਕੁਝ ਨਹੀਂ ਸਮਝਦੇ। ਗੁਰਬਾਣੀ ਇਸ ਨੂੰ ਇਉਂ ਸਪੱਸ਼ਟ ਕਰਦੀ ਹੈ —

ਖਾਣਾ ਪੀਣਾ ਹਸਣਾ ਸਉਣਾ, ਵਿਸਰਿ ਗਇਆ ਹੈ ਮਰਣਾ॥ ਖਸਮੁ ਵਿਸਾਰਿ ਖੁਆਰੀ ਕੀਨੀ, ਧ੍ਰਿਗੁ ਜੀਵਣੁ ਨਹੀ ਰਹਣਾ॥

[ਮਲਾਰ ਮ: ੧, ਪੰਨਾ ੧੨੫੪

ਇਹੋ ਨਕਸ਼ਾ ਹੇਠ ਲਿਖੇ ਸ਼ਬਦ ਵਿਚ ਗੁਰੂ ਅਰਜਨ ਦੇਵ ਜੀ ਨੇ ਸਾਰੰਗ ਰਾਗ ਵਿਚ ਦਿਤਾ ਹੈ —

ਬਿਖਈ ਦਿਨੁ ਰੈਨਿ ਇਵਹੀ ਗੁਦਾਰੈ॥ ਗੋਬਿੰਦੁ ਨ ਭਜੈ, ਅਹੰਬੁਧਿ ਮਾਤਾ, ਜਨਮੁ ਜੂਐ ਜਿਉ ਹਾਰੈ॥੧॥ਰਹਾਉ॥ ਨਾਮੁ ਅਮੋਲਾ, ਪ੍ਰੀਤਿ ਨ ਤਿਸ ਸਿਉ, ਪਰ-ਨਿੰਦਾ ਹਿਤਕਾਰੈ॥ ਛਾਪਰੁ ਬਾਧਿ ਸਵਾਰੈ ਤ੍ਰਿਣ ਕਉ, ਦੁਆਰੈ ਪਾਵਕ ਜਾਰੈ ॥੧॥ ਕਾਲਰ ਪੋਟ ਉਠਾਵੈ ਮੂੰਡਹਿ, ਅੰਮ੍ਰਿਤੁ ਮਨ ਤੇ ਡਾਰੈ॥ ਓਢੈ ਬਸਤ੍ਰ ਕਾਜਰ ਮਹਿ ਪਰਿਆ, ਬਹੁਰਿ ਬਹੁਰਿ ਫਿਰਿ ਝਾਰੈ ॥੨॥ ਕਾਟੈ ਪੇਡੁ ਡਾਲ ਪਰਿ ਠਾਢੌ, ਖਾਇ ਖਾਇ ਮੁਸਕਾਰੈ॥ ਗਿਰਿਓ ਜਾਇ ਰਸਾਤਲਿ ਪਰਿਓ, ਛਿਟੀ ਛਿਟੀ


www.AKJ.Org

ਸਿਰ ਭਾਰੈ ॥੩॥ ਨਿਰਵੈਰੈ ਸੰਗਿ ਵੈਰੁ ਰਚਾਏ,
ਪਹੁਚਿ ਨ ਸਕੈ ਗਵਾਰੈ ॥ ਕਹੁ ਨਾਨਕ ਸੰਤਨ ਕਾ
ਰਾਖਾ, ਪਾਰਬ੍ਰਹਮ ਨਿਰੰਕਾਰੈ ॥੪॥ [ਪੰਨਾ ੧੨੦੫

ਹਰ ਇਕ ਨਾਲ ਝਗੜਾ, ਈਰਖਾ, ਨਿੰਦਾ, ਚੁਗਲੀ, ਦੁਸ਼ਮਨੀ, ਦੰਗਾ ਕਰਨਾ, ਝੂਠ ਬੋਲਣਾ, ਚੋਰੀ ਕਰਨਾ, ਇਹ ਤਮੋਗੁਣੀ ਸੁਭਾ ਵਿਚ ਇਕ ਸਧਾਰਨ ਜਿਹੀ ਗੱਲ ਹੁੰਦੀ ਹੈ, ਕਿਉਂਕਿ ਇਸੇ ਅਵਸਥਾ ਬਾਰੇ ਹੀ "ਕਰਤੂਤਿ ਪਸੂ ਕੀ ਮਾਨਸ ਜਾਤਿ"—ਦਾ ਇਸ਼ਾਰਾ ਕੀਤਾ ਗਿਆ ਹੈ ਅਤੇ ਇਹੋ ਜਿਹੇ ਲੋਕ ਹੀ "ਚੰਦਨ ਲੇਪੁ ਉਤਾਰੈ ਧੋਇ ॥ ਗਰਧਬ ਪ੍ਰੀਤਿ ਭਸਮ ਸੰਗਿ ਹੋਇ ॥" ਦੀ ਉਦਾਹਰਣ ਪੇਸ਼ ਕਰਦੇ ਹਨ।

ਜਿਥੇ ਤਮੋਗੁਣੀ ਲੋਕਾਂ ਦਾ ਪਸ਼ੂ ਸਮ-ਕ੍ਰਿਆ (ਖਾਣਾ, ਸੌਣਾ, ਤੇ ਉਤਪਾਦਨ ਕਰਨਾ) ਉੱਤੇ ਜ਼ਿਆਦਾ ਜ਼ੋਰ ਹੁੰਦਾ ਹੈ, ਭਾਵ "ਰੋਟੀ, ਕਪੜਾ ਔਰ ਮਕਾਨ" ਦੇ ਚੱਕਰ ਵਿਚ ਪਏ ਰਹਿਣਾ ਹੀ ਆਪਣੇ ਜੀਵਨ ਦਾ ਵੱਡਾ ਮਨੋਰਥ ਸਮਝਿਆ ਜਾਂਦਾ ਹੈ, ਉੱਥੇ ਪੰਜੇ ਦੂਤ ਇਹਨਾਂ ਉੱਤੇ ਆਪਣਾ ਬਹੁਤ ਕਰੜਾ ਪਹਿਰਾ ਰਖਦੇ ਹਨ। ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ ਦੇ ਵੱਸ ਵਿਚ ਪਏ ਹੋਏ ਪ੍ਰਾਣੀ ਦਾ ਨਕਸ਼ਾ ਗੁਰਬਾਣੀ ਵਿਚ ਥਾਂ ਥਾਂ ਵਰਣਨ ਕੀਤਾ ਗਿਆ ਹੈ। ਜਿੰਨਾ ਚਿਰ ਇਸ ਬੁਨਿਆਦੀ ਨੁਕਤੇ ਨੂੰ ਨਹੀਂ ਫੜਿਆ ਜਾਂਦਾ, ਉਤਨਾ ਚਿਰ ਤਮੋ ਗੁਣ ਦੇ ਦਾਇਰੇ ਵਿਚੋਂ ਨਿਕਲਣਾ ਮਨੁੱਖ ਲਈ ਔਖਾ ਹੈ।

ਇਸ ਤਮੋਗੁਣੀ ਅਵਸਥਾ ਵਿਚ ਇਕ ਬੜੀ ਅਜੀਬ ਚੀਜ਼ ਉੱਘੜ ਕੇ ਸਾਹਮਣੇ ਆਉਂਦੀ ਹੈ ਕਿ ਮਨੁੱਖ ਸੁਭਾਵਕ ਤੌਰ ਤੇ ਹੀ ਕਈ ਤਰ੍ਹਾਂ ਦੇ ਸੁਆਦ ਮਾਣਨ ਵਿਚ ਜੀਵਨ ਬਿਤਾਉਂਦਾ ਹੈ। ਇਉਂ ਪ੍ਰਤੀਤ ਹੁੰਦਾ ਹੈ ਕਿ ਮਨੁੱਖ ਦਾ ਆਪਣੇ ਉਪਰ ਕੋਈ ਕੰਟਰੋਲ ਨਹੀਂ ਰਿਹਾ ਅਤੇ ਉਹ ਦੁਨਿਆਵੀ ਭੋਗਾਂ ਦੇ ਸੁਆਦਾਂ ਵਾਲੀ ਬਿਰਤੀ ਦੇ ਅਧੀਨ ਬਿਲਕੁਲ ਅੰਨ੍ਹਾ ਹੋ ਕੇ ਵਿਚਰਦਾ ਹੈ। ਮਿਸਾਲ ਵਜੋਂ ਮਾਸ, ਮੱਛੀ, ਅੰਡਾ, ਸ਼ਰਾਬ ਸਭ ਤਮੋਗੁਣੀ ਭੋਜਨ ਹਨ, ਪਰ ਖਾਣ ਵਾਲੇ ਸੱਜਣ ਜੀਆਂ ਨੂੰ ਕੋਹਣੋਂ ਕਦੀ ਸੰਕੋਚ ਨਹੀਂ ਕਰਦੇ, ਕੇਵਲ ਆਪਣੇ ਸੁਆਦ ਲਈ ਕੀ ਕੁਝ ਨਹੀਂ ਕਰਦੇ। "ਸੁਆਦਤਿ ਜੀਅ ਸੰਘਾਰੈ ॥

[ਆਸਾ ਕਬੀਰ ਜੀ, ਪੰਨਾ ੪੮੩

ਜਾਂ "ਜੀਆਂ ਕੋਹਤ ਨ ਸੰਗੋ ਪ੍ਰਾਨੀ ॥ [ਗਉੜੀ ਮ: ੫, ੨੦੧

ਇਸੇ ਤਰ੍ਹਾਂ ਹੀ ਕਾਮ ਦੇ ਵਸ ਵਿਚ ਬੇਵੱਸ ਹੋਇਆ ਉਤੇਜਨਾ ਭਰਿਆ ਮਨੁੱਖ ਗਲੀਆਂ ਬਜ਼ਾਰਾਂ ਵਿਚ, ਧਰਮ-ਅਸਥਾਨਾਂ ਵਿਚ, ਸਕੂਲਾਂ-ਕਾਲਜਾਂ ਜਾਂ ਸਿਨੇਮਾ-ਘਰਾਂ ਵਿੱਚ ਖੜਾ ਕਾਮ-ਚੇਸ਼ਟਾ ਦੇ ਅਧੀਨ ਝਖਾਂ ਮਾਰਦਾ ਫਿਰਦਾ ਹੈ। ਅਜ ਸਾਡੇ ਸਮਾਜ ਵਿਚ ਤਮੋਗੁਣ ਦਿਨੋ-ਦਿਨ ਵੱਧ ਰਿਹਾ ਹੈ; ਚਾਹੇ ਉਸਦਾ ਕਾਰਨ ਤਮੋਗੁਣੀ ਭੋਜਨ ਹੋਵੇ, ਚਾਹੇ ਪੱਛਮੀ ਵਿਦਿਆ ਦੇ ਅਸਰ ਹੇਠ ਫੈਲ ਰਹੇ ਤੌਰ-ਤਰੀਕੇ ਹੋਣ ਜਾਂ ਫ਼ਿਲਮੀ ਦੁਨੀਆ ਦਾ ਗੰਦਾ ਵਾਤਾਵਰਨ ਹੋਵੇ। ਮੁਕਦੀ ਗੱਲ ਇਹ ਹੈ ਕਿ ਦਿਨੋ-ਦਿਨ ਅਸੀਂ ਤਮੋਗੁਣ ਵਲ ਵਧਦੇ ਜਾ ਰਹੇ ਹਾਂ। ਇਸੇ ਤਰ੍ਹਾਂ ਕਰੋਧ ਦਾ ਹਾਲ ਹੈ। ਝਟ ਗਾਲ੍ਹਾਂ ਕੱਢਣੀਆਂ, ਸਹਿਜੇ-ਮਿੱਠਾ ਨਾ ਬੋਲਣਾ, ਆਪਣੇ ਆਪ ਤੋਂ ਬਾਹਰ ਹੋ ਜਾਣਾ, ਦੂਜੇ ਦੀ ਬੇ-ਇਜ਼ਤੀ ਕਰ ਦੇਣਾ ਤਮੋ-ਗੁਣੀ ਸੁਭਾ ਦੇ ਲੱਛਣ ਹਨ। ਲੋਭ ਦੇ ਵੱਸ ਹੋ ਕੇ ਅਸੀਂ ਰਿਸ਼ਵਤ ਲੈਣਾ ਕੋਈ ਪਾਪ ਨਹੀਂ ਸਮਝਦੇ, ਸਗੋਂ ਅਜ ਦੇ ਸਮੇਂ ਵਿਚ "ਉਪਰਲੀ-ਆਮਦਨ" ਨੂੰ ਚੰਗਾ ਸਮਝਿਆ ਜਾਣ ਲੱਗ ਪਿਆ ਹੈ। ਇਸ ਕਿਸਮ ਦੇ ਸੁਭਾ ਦੇ ਲੱਛਣ ਗਉੜੀ ਰਾਗ ਵਿਚ ਗੁਰੂ ਅਰਜਨ ਦੇਵ ਜੀ ਨੇ ਇਉਂ ਸਮਝਾਏ ਹਨ—

ਨੈਨਹੁ ਨੀਦ ਪਰਦ੍ਰਿਸਟਿ ਵਿਕਾਰ ॥ ਸ੍ਰਵਣ ਸੋਏ
ਸੁਣਿ ਨਿੰਦ ਵੀਚਾਰ ॥ ਰਸਨਾ ਸੋਈ ਲੋਭਿ ਮੀਠੈ
ਸਾਦਿ ॥ ਮਨੁ ਸੋਇਆ ਮਾਇਆ ਬਿਸਮਾਦਿ ॥੧॥
ਇਸੁ ਗ੍ਰਿਹ ਮਹਿ ਕੋਈ ਜਾਗਤੁ ਰਹੈ ॥ ਸਾਬਤੁ
ਵਸਤੁ ਓਹੁ ਅਪਨੀ ਲਹੈ ॥੧॥ਰਹਾਉ॥ ਸਗਲ
ਸਹੇਲੀ ਅਪਨੈ ਰਸ ਮਾਤੀ ॥ ਗ੍ਰਿਹ ਅਪਨੇ ਕੀ
ਖਬਰਿ ਨਾ ਜਾਤੀ ॥ ਮੁਸਨਹਾਰ ਪੰਚ ਬਟਵਾਰੇ ॥
ਸੂਨੇ ਨਗਰਿ ਪਰੇ ਠਗਹਾਰੇ ॥੨॥ ਉਨ ਤੇ ਰਾਖੈ
ਬਾਪੁ ਨ ਮਾਈ ॥ ਉਨ ਤੇ ਰਾਖੈ ਮੀਤੁ ਨ ਭਾਈ ॥
ਦਰਬਿ ਸਿਆਣਪ ਨ ਓਇ ਰਹਤੇ ॥ ਸਾਧ ਸੰਗਿ
ਓਇ ਦੁਸਟ ਵਸਿ ਹੋਤੇ ॥੩॥ ਕਰਿ ਕਿਰਪਾ ਮੋਹਿ
ਸਾਰਿੰਗਪਾਣਿ ॥ ਸੰਤਨ ਧੂਰਿ ਸਰਬ ਨਿਧਾਨ ॥
ਸਾਬਤ ਪੂੰਜੀ ਸਤਿਗੁਰ ਸੰਗਿ ॥ ਨਾਨਕ ਜਾਗੈ
ਪਾਰਬ੍ਰਹਮ ਕੈ ਰੰਗਿ ॥੪॥ ਸੋ ਜਾਗੈ ਜਿਸੁ ਪ੍ਰਭੁ
ਕਿਰਪਾਲੁ ॥ ਇਹ ਪੂੰਜੀ ਸਾਬਤੁ ਧਨੁ ਮਾਲੁ ॥੧॥
ਰਹਾਉ ਦੂਜਾ ॥੨੦॥੮੯॥

[ਪੰਨਾ ੧੮੨



www.AKJ.Org

ਸਪੱਸ਼ਟ ਹੈ ਕਿ ਤਮੋਗੁਣੀ ਮਨੁੱਖ ਅਗਿਆਨਤਾ ਦੀ ਘੋਰ ਨਿੰਦਰਾ ਵਿਚ ਸੁਤਾ ਰਹਿੰਦਾ ਹੈ ਤੇ ਕੇਵਲ ਪ੍ਰਭੂ ਕਿਰਪਾਲ ਦੀ ਕਿਰਪਾ-ਦ੍ਰਿਸ਼ਟੀ ਨਾਲ ਹੀ ਜਾਗ ਖੁਲ੍ਹਦੀ ਹੈ। ਇਹੋ ਜਿਹੇ ਮਨੁੱਖ ਜਦੋਂ ਸ਼ਮਾਜ ਦੇ ਵੱਖੋ-ਵੱਖ ਖੇਤਰਾਂ ਵਿਚ ਵਿਚਰਦੇ ਹਨ ਤਾਂ ਉਹਨਾਂ ਦੇ ਕੰਮਾਂ ਤੋਂ ਤਮੋ-ਗੁਣੀ ਦੁਰਗੰਧ ਆਉਂਦੀ ਹੈ। ਜੇ ਉਹ ਵਲੀ-ਕੰਧਾਰੀ ਹੈ ਤਾਂ ਕ੍ਰੋਧ ਵਿਚ ਅੰਨ੍ਹਾ ਹੋਇਆ ਹੋਇਆ ਜਗਤ ਦੇ ਨੂਰ ਨੂੰ ਪੱਥਰ ਮਾਰ ਰਿਹਾ ਹੈ। ਜੇ ਉਹ ਹਮਜ਼ਾ ਗੌਂਸ ਪੀਰ ਹੈ ਤਾਂ ਕਰੋਧੀ ਬਣ ਕੇ ਸਿਆਲਕੋਟ ਦੇ ਸਮੂਹ ਨਿਰਦੋਸ਼ੀ ਵਸਨੀਕਾਂ ਨੂੰ ਗਰਕ ਕਰਨ ਤੇ ਤੁਲਿਆ ਖੜਾ ਹੈ।

ਸਾਡੇ ਅਜ ਦੇ ਧਰਮ-ਅਸਥਾਨਾਂ ਦੇ ਸੇਵਾਦਾਰ ਤਮੋਗੁਣੀ ਸੇਵਾ ਦਾ ਨਮੂਨਾ ਹਨ। ਗੁਰੂ-ਰਹਿਤ-ਰਹਿਣੀ ਤੋਂ ਬੇਮੁਖ ਧਰਮ-ਅਸਥਾਨਾਂ ਵਿਚ ਕਈ ਕਿਸਮ ਦੇ ਕੁਕਰਮ ਕਰਦੇ ਹੋਏ ਦੇਖੇ-ਸੁਣੇ ਜਾਂਦੇ ਹਨ। ਪਤਿਤ-ਕਰਮੀ ਲੋਕ ਸਾਡੇ ਅਦਾਰਿਆਂ ਦੇ ਪਰਧਾਨ ਜਾਂ ਸਕੱਤਰ ਬਣਦੇ ਹਨ। ਪਰ ਸਾਨੂੰ ਬਹੁਤਾ ਮਹਿਸੂਸ ਨਹੀਂ ਹੁੰਦਾ ਕਿਉਂਕਿ ਅਸੀਂ ਆਪ ਵੀ ਤਮੋਗੁਣੀ ਸੁਭਾ ਵਾਲੇ ਬਣਦੇ ਜਾਂਦੇ ਹਾਂ। ਜਾਂ ਅਸੀਂ ਉਹਨਾਂ ਤੋਂ ਬਚ ਕੇ ਚਲਣਾ ਚਾਹੁੰਦੇ ਹਾਂ।

ਬਾਣੀ ਨੂੰ ਟਕੇ ਲੈ ਕੇ ਵੇਚਣਾ, ਕੀਰਤਨ ਜਾਂ ਪਾਠ ਦੀ ਸੇਵਾ ਲਈ ਲੋਭ ਦੇ ਅਸਰ ਹੇਠ ਅੰਨ੍ਹੇ ਹੋ ਕੇ ਵਰਤਣਾ ਘੋਰ ਤਮੋਗੁਣ ਹੈ, ਜਿਸ ਨੂੰ ਸਾਡਾ ਸਮਾਜ ਬਰਦਾਸ਼ਤ ਕਰਦਾ ਹੈ ਅਤੇ ਉਤਸ਼ਾਹ ਦੇਂਦਾ ਹੈ। ਤਮੋਗੁਣੀ ਅਵਸਥਾ ਵਿਚ ਭਗਤੀ ਕਰਨ ਦਾ ਤਾਂ ਸੁਆਲ ਹੀ ਪੈਦਾ ਨਹੀਂ ਹੁੰਦਾ। ਪਰਮਾਤਮਾ ਦਾ ਭੈ, ਗੁਰੂ ਸਾਹਿਬ ਦਾ ਅਦਬ-ਸਤਿਕਾਰ, ਹੁਕਮ ਰਜ਼ਾ ਵਿਚ ਚਲਣਾ, ਇਹ ਤਾਂ ਅਜੇ ਦੂਰ ਦੀਆਂ ਹੀ ਗੱਲਾਂ ਹਨ। ਤਮੋਗੁਣੀ ਮਨੁੱਖ ਤੋਂ ਘਟੀਆ ਤੋਂ ਘਟੀਆ ਆਚਰਣ ਦੀ ਆਸ ਕੀਤੀ ਜਾ ਸਕਦੀ ਹੈ। ਠੱਗੀ, ਗੁੰਡਾ-ਗਰਦੀ, ਅਤੇ ਧੱਕਾ ਕਰਨ ਵੱਲ ਉਸ ਦਾ ਜ਼ਿਆਦਾ ਝੁਕਾ ਹੁੰਦਾ ਹੈ ਅਤੇ ਉਹ ਰੱਬ ਦੀ ਹੋਂਦ ਬਾਰੇ ਵੀ ਸਬੂਤ ਮੰਗਦਾ ਹੈ।

ਸਿੱਖ ਪੰਥ ਸ਼ੁਰੂ ਤੋਂ ਭਗਤੀ-ਮਾਰਗ ਦਾ ਪੰਥ ਸਾਜਿਆ ਗਿਆ ਹੈ, ਜਿਸਦਾ ਸਿੱਧਾ ਸੰਬੰਧ ਸਹਿਜ-ਅਵਸਥਾ ਨਾਲ ਹੈ। ਸ਼ਾਇਦ ਪੰਡਤਾਂ ਦੀ ਸ਼ਰਾਰਤ ਨਾਲ ਜਾਂ ਮਗਰੋਂ ਅੰਗਰੇਜ਼ਾਂ ਦੀ ਸ਼ਰਾਰਤ ਨਾਲ ਸਾਡੇ ਇਤਿਹਾਸ ਵਿਚ ਇਹ ਗੱਲ ਮਲੋ-ਮਲੀ ਜੋੜੀ ਗਈ ਹੈ ਕਿ ਗੁਰੂ ਗੋਬਿੰਦ ਸਿੰਘ ਜੀ ਨੇ ਆਪਣੇ ਸਿੱਖਾਂ ਨੂੰ ਅਨੰਦਪੁਰ ਸਾਹਿਬ ਦੇ ਕਿਲ੍ਹੇ ਵਿਚ ਔਕੜ ਸਮੇਂ ਮਾਸ ਖੁਆਇਆ ਜਾਂ ਆਪ ਸ਼ਿਕਾਰ ਕਰ ਕੇ ਮਾਸ ਖਾਂਦੇ ਸਨ। ਸਾਡੇ ਗੁਰੂ ਸਾਹਿਬਾਨ ਨੇ ਆਪਣੇ ਲੰਗਰ ਵਿਚ ਕਦੇ ਵੀ ਤਮੋਗੁਣੀ ਭੋਜਨ ਨਹੀਂ ਬਣਾਇਆ ਅਤੇ ਨਾ ਹੀ ਗੁਰਬਾਣੀ ਅੰਦਰ ਤਮੋਗੁਣੀ ਭੋਜਨ ਖਾਣ ਦਾ ਹੁਕਮ ਹੈ—

ਬਾਬਾ ਹੋਰੁ ਖਾਣਾ ਖੁਸੀ ਖੁਆਰੁ ॥ ਜਿਤੁ ਖਾਧੈ ਤਨੁ
ਪੀੜੀਐ,ਮਨ ਮਹਿ ਚਲਹਿ ਵਿਕਾਰ ॥੧॥ਰਹਾਉ॥
[ਸਿਰੀ ਰਾਗੁ ਮ: ੧ ਪੰਨਾ ੧੬

ਇਹ ਗੱਲ ਉਸੇ ਤਰ੍ਹਾਂ ਹੈ ਜਿਸ ਤਰ੍ਹਾਂ ਚਾਲਬਾਜ਼ਾਂ ਵਲੋਂ ਗੁਰੂ ਗੋਬਿੰਦ ਸਿੰਘ ਜੀ ਦੇ ਨਾਂ ਨਾਲ ਦੇਵੀ-ਪੂਜਨ ਦੀ ਕਥਾ ਜੋੜੀ ਗਈ ਹੈ।

ਨਤੀਜਾ ਇਹ ਹੋਇਆ ਹੈ ਕਿ ਹੌਲੀ ਹੌਲੀ ਸਾਡੀ ਕੌਮ ਨਿਘਰਦੀ ਜਾ ਰਹੀ ਹੈ ਅਤੇ ਦੁਨੀਆ ਇਹ ਕਹਿਣ ਲੱਗ ਪਈ ਹੈ ਕਿ ਉਹ ਸਿੱਖ ਹੀ ਨਹੀਂ ਜੋ ਸ਼ਰਾਬ ਮਾਸ ਨਹੀਂ ਖਾਂਦਾ। ਮੁੱਕਦੀ ਗੱਲ ਇਹ ਕਿ ਕੀ ਅਸੀਂ ਇਹ ਜੀਵਨ ਤਮੋਗੁਣੀ ਅਵਸਥਾ ਵਿਚ ਹੀ ਗੁਜ਼ਾਰ ਦੇਣਾ ਹੈ? ਕੀ ਅਸੀਂ ਸਾਰੀ ਉਮਰ ਗੁਰੂ ਤੋਂ ਬੇਮੁੱਖ ਹੋ ਕੇ ਦੋਸ਼ੀ ਵੱਤ ਹੀ ਢੀਠ ਬਣ ਕੇ ਰਹੀ ਜਾਣਾ ਹੈ? ਇਸਦਾ ਫ਼ੈਸਲਾ ਇਸ ਜਨਮ ਵਿਚ ਹੀ ਹੋ ਜਾਏ ਤਾਂ ਚੰਗਾ ਹੈ।

ਇਸੁ ਪਉੜੀ ਤੇ ਜੋ ਨਰੁ ਚੂਕੈ, ਸੋ ਆਇ ਜਾਇ
ਦੁਖੁ ਪਾਇਦਾ ॥੨॥ [ਮਾਰੂ ਸੋਲਹੇ ਮ: ੫, ੧੦੭੫

ਜਾਂ

ਪਉੜੀ ਛੁਟਕੀ ਫਿਰਿ ਹਾਥਿ ਨ ਆਵੈ, ਅਹਿਲਾ
ਜਨਮੁ ਗਵਾਇਆ ॥੧॥
[ਬਿਲਾਵਲੁ ਮਹਲਾ ੩, ਪੰਨਾ ੭੯੬

ਕਹਹੁ ਗੁਸਾਈ ਮਿਲੀਐ ਕੇਹ ॥ ਜੋ ਬਿਬਰਜਤ
ਤਿਸ ਸਿਉ ਨੇਹ ॥੧॥ਰਹਾਉ॥
[ਗਉੜੀ ਮ: ੫ ਪੰਨਾ ੧੯੫

---

**ਜ਼ਰੂਰੀ ਸੂਚਨਾ**—ਹਰ ਮਹੀਨੇ ਪਰਚਾ ਭੇਜਣ ਸਮੇਂ ਐਡਰੈਸ ਦੇ ਨਾਲ ਆਪ ਦਾ ਚਿਟ ਨੰਬਰ ਲਿਖਿਆ ਹੁੰਦਾ ਹੈ। ਕਿਸੇ ਤਰ੍ਹਾਂ ਦੀ ਚਿੱਠੀ ਪੱਤਰ ਕਰਨ ਸਮੇਂ ਆਪਣਾ ਚਿਟ ਨੰਬਰ ਜ਼ਰੂਰ ਲਿਖੋ ਜੀ।

ਦਾਸ—ਮੈਨੇਜਰ ਸੂਰਾ

www.AKJ.Org

# ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਤੇ ਉਨ੍ਹਾਂ ਦਾ ਸਤਿਕਾਰ

[ ਵਲੋਂ—ਗਿਆਨੀ ਗੋਪਾਲ ਸਿੰਘ ਜੀ 'ਮਿੱਤਰ', ਮਾਲਬ, ਗੁੜਗਾਉਂ ]

ਦਸਵੇਂ ਪਾਤਸ਼ਾਹ ਦੋ ਜਹਾਨ ਵਾਲੀ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ (ਗੁਰਬਾਣੀ ਸ਼ਬਦ ਗੁਰੂ) ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਗੁਰਤਾ ਸਿੰਘਾਸਨ ਉਤੇ ਸੁਭਾਇਮਾਨ ਕੀਤਾ ਅਤੇ ਜੁਗੋ ਜੁਗ ਅਟੱਲ ਸਤਿਗੁਰੂ ਥਾਪ ਕੇ ਸਾਰੇ ਸਿਖ ਜਗਤ ਨੂੰ "ਆਤਮਾ ਗ੍ਰੰਥ ਵਿਚ ਤੇ ਸਰੀਰ ਪੰਥ ਵਿਚ" ਪਰਵੇਸ਼ ਹੋ ਜਾਣ ਦਾ ਯਕੀਨ ਕਰਾਇਆ।

ਇਸ ਤਰ੍ਹਾਂ ਗੁਰੂ ਨਾਨਕ ਦੇਵ ਜੀ ਦੇ ਸਮੇਂ ਤੋਂ ਸਥਾਪਤ ਹੋਈਆਂ ਧਰਮਸਾਲਾਂ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਵਨ ਪ੍ਰਕਾਸ਼ ਹੋਣ ਲਗ ਪਏ ਤੇ ਉਹ ਅਸਥਾਨ 'ਗੁਰਦੁਆਰਾ ਸਾਹਿਬ' ਦੇ ਨਾਮ ਨਾਲ ਪ੍ਰਸਿਧ ਹੋਏ ਤੇ ਹੋਰ ਥਾਉਂ ਥਾਈਂ ਗੁਰਸਿਖਾਂ ਗੁਰੂ-ਪ੍ਰੇਮੀਆਂ ਨੇ ਗੁਰਬਾਣੀ ਵੀਚਾਰ ਗੁਰੂ-ਦਰਸ਼ਨ ਲਈ ਸ੍ਰੀ ਗੁਰੂ ਗ੍ਰੰਥ ਸਾਹਿਬ ਸਥਾਪਨ ਕਰ ਕੇ ਪ੍ਰਕਾਸ਼-ਸਥਾਨ (ਗੁਰਦੁਆਰੇ) ਕਾਇਮ ਕੀਤੇ। ਅਨੇਕਾਂ ਗੁਰੂ ਪਿਆਰਿਆਂ ਨੇ ਘਰਾਂ ਵਿਚ ਵੀ ਵਖ ਕਮਰਿਆਂ ਅੰਦਰ ਪ੍ਰਕਾਸ਼-ਸਥਾਨ ਬਣਾਏ ਹੋਏ ਹਨ।

ਵੇਖਿਆ ਜਾ ਰਿਹਾ ਹੈ ਕਿ ਸ਼ਹਿਰਾਂ ਤੇ ਵਡੇ ਨਗਰਾਂ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅਦਬ ਸਤਿਕਾਰ ਨੂੰ ਮੁਖ ਰਖ ਕੇ ਕਮੇਟੀਆਂ ਜਾਂ ਸਿੰਘ ਸਭਾਵਾਂ ਆਦਿਕ ਬਣੀਆਂ ਹੋਈਆਂ ਹਨ। ਪ੍ਰੰਤੂ ਪਿੰਡਾਂ ਦੇ ਗੁਰਦੁਆਰਿਆਂ ਜਾਂ ਸ਼ਹਿਰਾਂ ਵਿਚ ਵੀ ਉਦਰ-ਪੂਰਤੀ ਲਈ ਸਥਾਪਤ ਕੀਤੇ ਸਥਾਨਾਂ ਦੀ ਦਸ਼ਾ ਏਸ ਨੁਕਤੇ ਤੋਂ ਬਹੁਤ ਨਿਰਾਸ਼ਾ ਜਨਕ ਹੈ।

ਪਿੰਡਾਂ ਵਿਚ ਬਹੁਤੇ ਥਾਈਂ ਗ੍ਰੰਥੀ ਹੀ ਨਹੀਂ ਹੁੰਦੇ ਅਤੇ ਮਹੀਨਾ ਮਹੀਨਾ ਕੋਈ ਪ੍ਰਕਾਸ਼ ਹੀ ਨਹੀਂ ਕਰਦਾ। ਸਫ਼ਾਈ ਤੇ ਝਾੜੂ ਬੁਹਾਰੀ ਦਾ ਕੋਈ ਖ਼ਾਸ ਪਰਬੰਧ ਨਹੀਂ ਹੁੰਦਾ। ਚੇਂਦੋਇਆਂ ਤੇ ਕਬੂਤਰਾਂ ਦੇ ਆਲ੍ਹਣੇ ਤੇ ਵਿੱਠਾਂ ਵੇਖਣ ਵਿਚ ਆਉਂਦੀਆਂ ਹਨ। ਕਿਤੇ ਦਿਨ ਦਿਹਾਰਾਂ ਤੇ ਪ੍ਰਕਾਸ਼ ਕਰਦੇ ਹਨ। ਤੇ ਉਹ ਵੀ ਘੜੀ ਦੀ ਘੜੀ। ਰੁਮਾਲੇ ਵਟੋ-ਵਟ ਮੈਲੇ ਕੁਚੈਲੇ ਤਸਵੀਰਾਂ ਵਾਲੇ ਅਤੇ ਕਈ ਵਾਰੀ ਫਟੇ ਹੋਏ ਵੀ ਹੁੰਦੇ ਹਨ। ਦਿਖਾਵੇ ਦੀ ਬਾਹਰਮੁਖੀ ਪੋਚਾ-ਪੋਚੀ ਭਾਵੇਂ ਕਿਤੇ ਠੀਕ ਵੀ ਹੋਵੇ, ਪਰ ਨਾ ਦਿਸਣ ਵਾਲੇ ਬਸਤਰ, ਸਰਹਾਣੇ ਦੇ ਗਦੇਲੇ ਆਦਿ ਤਾਂ ਆਮ ਕਰਕੇ ਹੀ ਮਾੜੀ ਹਾਲਤ ਵਿਚ ਹੁੰਦੇ ਹਨ।

ਸੁਖਾਸਨ ਕਰ ਕੇ ਪਲੰਘ ਤੇ ਵਿਛਾਈਆਂ ਆਦਿ ਚੁਕ ਕੇ ਤੇ ਦਰੀਆਂ ਇਕੱਠੀਆਂ ਕਰ ਕੇ ਸਾਰੇ ਕਮਰੇ ਦੀ ਚੰਗੀ ਤਰ੍ਹਾਂ ਸਫ਼ਾਈ ਕਰਨੀ ਚਾਹੀਦੀ ਹੈ ਅਤੇ ਵਿਛਾਈ ਬੜੀ ਸਾਫ਼ ਸੁਥਰੀ ਹੋਣੀ ਲੋੜੀਦੀ ਹੈ। ਕੜਾਹ ਪ੍ਰਸ਼ਾਹ ਰਖਣ ਲਈ ਚੋਕੀ ਧੋ ਕੇ ਰਖਣੀ ਚਾਹੀਦੀ ਹੈ। ਕੜਾਹ ਪਰਸ਼ਾਦ ਤਿਆਰ ਕਰਨ ਵੇਲੇ, ਕਿਰਪਾਨ ਭੇਟ ਕਰਨ ਵੇਲੇ ਅਤੇ ਵਰਤਾਣ ਵੇਲੇ ਸਵੱਛਤਾ ਤੇ ਪਵਿਤਰਤਾ ਨੂੰ ਮੁਖ ਰਖਣਾ ਲੋੜੀਦਾ ਹੈ, ਕਿਉਂਜੁ ਪ੍ਰਸ਼ਾਦ ਦੇ ਅਰਥ ਹਨ "ਗੁਰੂ ਦੀ ਬਖਸ਼ਸ਼"। ਇਸ ਲਈ ਗੁਰੂ ਦੀ ਬਖ਼ਸ਼ਸ਼ ਦਾ ਸਤਿਕਾਰ ਲਾਜ਼ਮੀ ਹੈ।

ਗੁਰੂ ਗ੍ਰੰਥ ਸਾਹਿਬ ਜੀ ਦਾ ਵਧ ਤੋਂ ਵਧ ਸਤਿਕਾਰ ਕੀਤਾ ਜਾਵੇ ਅਤੇ ਫਟੇ ਪਤਰੇ ਮੁਰੰਮਤ ਕੀਤੇ ਜਾਣੇ ਚਾਹੀਦੇ ਹਨ। ਰੁਮਾਲਿਆਂ ਨੂੰ ਪਤਰਿਆਂ ਵਿਚ ਦੇਣ ਨਾਲ ਪਤਰੇ ਮੁੜ ਜਾਂਦੇ ਹਨ ਤੇ ਫਟ ਜਾਂਦੇ ਹਨ। ਗੁਰੂ ਗ੍ਰੰਥ ਸਾਹਿਬ ਜੀ ਦੇ ਦਰਸ਼ਨ ਪਾਠ ਕਰਨ ਤੋਂ ਪਿਛੋਂ ਪਤਰੇ ਮਧ ਵਿਚ ਕਰ ਕੇ ਉਪਰ ਰੁਮਾਲਾ ਦੇਣਾ ਚਾਹੀਦਾ ਹੈ। ਇਕ ਪਾਸੇ ਬਹੁਤੇ ਤੇ ਇਕ ਪਾਸੇ ਥੋੜੇ ਪਤਰੇ ਰਖ ਕੇ ਰੁਮਾਲਾ ਪਾਉਣਾ ਸ਼ੋਭਨੀਕ ਨਹੀਂ। ਇਸੇ ਤਰ੍ਹਾਂ ਹੱਥ ਪੈਰ ਧੋਹ ਕੇ ਮਹਾਰਾਜ ਦੀ ਤਾਬਿਆ ਸਜਣਾ ਯੋਗ ਹੈ।

ਪ੍ਰੇਮੀ ਜਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਨਿਮਰੀਭੂਤ ਹੋ ਕੇ ਮੱਥਾ ਟੇਕਦੇ ਹਨ, ਸੀਸ ਨਿਵਾਂਦੇ ਹਨ ਤੇ ਗੁਰੂ ਦੇ ਅਗਰਭਾਗ ਮਾਇਆ ਅਦਬ ਸਹਿਤ ਸਹਿਜੇ ਹੀ ਭੇਟ ਕਰਦੇ ਹਨ। ਦੂਰੋਂ ਵਗਾਹ ਕੇ ਮਾਇਆ ਸੁਟਣੀ ਬੇਅਦਬੀ ਹੈ।

ਕਈ ਗ੍ਰੰਥੀ ਸਿੰਘ ਤਾਂ ਅਨਪੜ੍ਹ ਹੁੰਦੇ ਹੋਏ ਗੁਰ-ਵਾਕ ਵੀ ਨਹੀਂ ਲੈ ਸਕਦੇ, ਕੇਵਲ ਗੁਜ਼ਾਰੇ-ਮਾਤਰ ਪ੍ਰਕਾਸ਼ ਕਰਨਾ ਹੀ ਜਾਣਦੇ ਹਨ। ਬਹੁਤੇ ਐਸੇ ਹਨ ਜੋ ਗੁਰਬਾਣੀ-ਵੀਚਾਰ ਤੋਂ ਮੂਲੋਂ ਹੀ ਕੋਰੇ ਤੇ ਅਣਭਿੱਜ ਹੁੰਦੇ ਹਨ। ਗ੍ਰੰਥੀ ਸਿੰਘ ਅੰਮ੍ਰਿਤਧਾਰੀ, ਰਹਿਤਵਾਨ ਤੇ ਨਿਤਨੇਮੀ,

[ਬਾਕੀ ਸਫ਼ਾ ੨੫ ਦੇ ਹੇਠ]



www.AKJ.Org

# ਬੀਬੀ ਤੁਲਸਾਂ

[ ਵਲੋਂ — ਸ: ਵਰਿਆਮ ਸਿੰਘ ਜੀ, ਗਾਂਧੀ ਨਗਰ, ਦਿਲੀ-੩੧ ]

ਬੀਬੀ ਤੁਲਸਾਂ ਦੀ ਜੀਵਨ-ਝਲਕੀ, ਸਿੱਖ ਇਤਿਹਾਸ ਵਿਚ ਲਿਖੀ ਹੋਈ ਮਿਲਦੀ ਹੈ। ਇਤਿਹਾਸਕਾਰਾਂ ਨੇ ਆਪ ਨੂੰ 'ਤੁਲਸਾਂ ਦਾਸੀ' ਦੇ ਨਾਂ ਨਾਲ ਯਾਦ ਕੀਤਾ ਹੈ। ਗੁਰੂ ਨਾਨਕ ਦੇਵ ਜੀ ਦੇ ਚਰਨਾਂ ਦੀ ਛੋਹ ਪਰਾਪਤ ਕਰ ਕੇ ਆਪ ਸਦਾ ਲਈ ਅਮਰ ਹੋ ਗਏ, ਜਨਮ-ਮਰਨ ਦੇ ਬੰਧਨ ਕਟੇ ਗਏ।

ਬੀਬੀ ਤੁਲਸਾਂ ਮਾਤਾ ਤ੍ਰਿਪਤਾ ਜੀ ਪਾਸ 'ਇਕ ਦਾਸੀ' ਦੇ ਤੌਰ ਤੇ ਸੇਵਾ ਨਿਭਾਇਆ ਕਰਦੇ ਸਨ। ਆਪ ਨੂੰ ਗੁਰੂ ਨਾਨਕ ਦੇਵ ਜੀ ਦੀ ਖਿਡਾਵੀ ਹੋਣ ਦਾ ਮਾਣ ਪ੍ਰਾਪਤ ਹੋਇਆ। ਸੇਵਾ ਕਰਦਿਆਂ ਹੀ ਆਪ ਦੀ ਜ਼ਿੰਦਗੀ ਵਿਚ ਮਹਾਨ ਪਲਟਾ ਆਇਆ। ਆਪ, ਵਾਹਿਗੁਰੂ ਦੇ ਪਿਆਰ ਵਿਚ ਅਜਿਹੇ ਰੰਗੇ ਗਏ, ਜੋ ਸੰਤਾਂ ਮਹਾਤਮਾਵਾਂ (ਗੁਰਸਿੱਖਾਂ) ਦੀ ਉੱਚੀ ਪਦਵੀ ਹੁੰਦੀ ਹੈ, ਜ਼ਿਨ੍ਹਾਂ ਬਾਰੇ ਗੁਰਬਾਣੀ ਵਿਚ ਵੀ ਜ਼ਿਕਰ ਆਇਆ ਹੈ :—

ਜਿਨੀ ਹਰਿ ਹਰਿ ਨਾਮੁ ਧਿਆਇਆ, ਤਿਨੀ ਪਾਇਅੜੇ ਸਰਬ ਸੁਖਾ ॥ ਸਭੁ ਜਨਮੁ ਤਿਨਾ ਕਾ ਸਫਲੁ ਹੈ, ਜਿਨ ਹਰਿ ਕੇ ਨਾਮ ਕੀ ਮਨਿ ਲਾਗੀ ਭੁਖਾ ॥ ਜਿਨੀ ਗੁਰ ਕੈ ਬਚਨਿ ਆਰਾਧਿਆ, ਤਿਨ ਵਿਸਰਿ ਗਏ ਸਭਿ ਦੁਖਾ ॥ ਤੇ ਸੰਤ ਭਲੇ ਗੁਰਸਿਖ ਹੈ, ਜਿਨ ਨਾਹੀ ਚਿੰਤ ਪਰਾਈ ਚੁਖਾ ॥ ਧਨੁ ਧੰਨੁ ਤਿਨਾ ਕਾ ਗੁਰੂ ਹੈ, ਜਿਸੁ ਅੰਮ੍ਰਿਤ ਫਲ ਹਰਿ ਲਾਗੇ ਮੁਖਾ ॥੬॥

[ਪਉੜੀ, ਵਡਹੰਸ ਕੀ ਵਾਰ, ੫੮੮

ਇਹ ਸਭ ਕਿਵੇਂ ਹੋ ਗਿਆ ? ਸਤਿਗੁਰੂ ਆਪ ਤੇ ਕਿਵੇਂ ਤ੍ਰੁਠੇ ? ਹੁਣ ਸੁਣੋ ! ਗੁਰੂ ਨਾਨਕ ਦੇਵ ਜੀ ਨੇ ਸੰਨ ੧੫੦੮ ਈਸਵੀ ਨੂੰ ਸੁਲਤਾਨਪੁਰੋਂ ਪਹਿਲੀ ਉਦਾਸੀ ਦਾ ਅਰੰਭ ਕਰ ਕੇ ਐਮਨਾਬਾਦ, ਜਿਸ ਨੂੰ ਉਸ ਸਮੇਂ ਸੈਦਪੁਰ ਸੰਡਿਆਲੀ ਕਿਹਾ ਜਾਂਦਾ ਸੀ, ਪਹੁੰਚੇ। ਇਥੇ ਗੁਰੂ ਸਾਹਿਬ ਨੇ ਭਾਈ ਲਾਲੋ ਦੀ ਰੋਟੀ ਵਿਚੋਂ ਦੁੱਧ ਅਤੇ ਮਲਕ ਭਾਗੋ ਦੇ ਪੂੜਿਆਂ ਵਿਚੋਂ ਲਹੂ ਸਿੰਮਦਾ ਦਿਖਾਇਆ; ਕਿਉਂਕਿ ਭਾਈ ਲਾਲੋ ਦੀ ਧਰਮ ਦੀ ਕਮਾਈ ਸੀ ਅਤੇ ਮਲਕ ਭਾਗੋ ਨੇ ਗਰੀਬਾਂ ਦਾ ਖ਼ੂਨ ਨਿਚੋੜ ਕੇ ਦੌਲਤ ਇਕੱਠੀ ਕੀਤੀ ਹੋਈ ਸੀ। ਗੁਰੂ ਸਾਹਿਬ ਕੁਝ ਦਿਨ ਭਾਈ ਲਾਲੋ ਦੇ ਘਰ ਰਹੇ। ਭਾਈ ਮਰਦਾਨਾ ਜੀ ਰੋਜ਼ਾਨਾ

---

[ਸਫ਼ਾ ੨੭ ਦੀ ਬਾਕੀ]

ਮਿਠਬੋਲੇ, ਨਿਰਮਾਣ ਹੋਣੇ ਅਤੀ ਜ਼ਰੂਰੀ ਹੈ। ਤਾਂ ਹੀ ਸੰਗਤਾਂ ਦੇ ਜੀਵਨ ਤੇ ਚੰਗਾ ਪ੍ਰਭਾਵ ਪੈ ਸਕਦਾ ਹੈ।

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਜਿਤਨਾ ਵੀ ਅਦਬ ਸਤਿਕਾਰ ਕੀਤਾ ਜਾਵੇ ਥੋੜ੍ਹਾ ਹੈ। ਤੇ ਇਸ ਅਦਬ ਸਤਿਕਾਰ ਨੂੰ ਕਾਇਮ ਰਖਣ ਲਈ ਗ੍ਰੰਥੀ ਸਿੰਘ ਹੀ ਸੰਗਤਾਂ ਨੂੰ ਪੂਰੀ ਪ੍ਰੇਰਨਾ ਦੇ ਸਕਦੇ ਹਨ, ਪਰ ਇਹ ਤਾਂ ਹੀ ਹੋ ਸ਼ਕਦਾ ਹੈ ਜੇ ਉਹ ਆਪ ਵੀ ਪੂਰੀ ਜਾਣਕਾਰੀ ਰਖਦੇ ਹੋਣ।

ਘਰਾਂ ਵਿਚ ਵੀ ਵੇਖਿਆ ਗਿਆ ਹੈ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪ੍ਰਕਾਸ਼ ਲਈ ਰਾਖਵੇਂ ਕਮਰਿਆਂ ਵਿਚ ਘਰਾਂ ਦੇ ਸਾਮਾਨ, ਸੰਦੂਕ, ਟਰੰਕ, ਦਰੀਆਂ, ਬਿਸਤਰੇ, ਪੇਟੀਆਂ ਆਦਿ ਰਖੇ ਹੁੰਦੇ ਹਨ, ਜਿਵੇਂ ਸਟੋਰ ਦਾ ਕਮਰਾ ਓਹੀ ਹੁੰਦਾ ਹੈ।

ਲੋੜ ਹੈ ਕਿ ਸ਼੍ਰੋਮਣੀ ਗੁ: ਪ੍ਰਬੰਧਕ ਕਮੇਟੀ ਅੰਮ੍ਰਿਤਸਰ, ਦਿਲੀ ਜਾਂ ਕੋਈ ਹੋਰ ਸੰਸਥਾ ਇਸ ਪਾਸੇ ਧਿਆਨ ਦੇਵੇ ਅਤੇ ਗ੍ਰੰਥੀ ਸਿੰਘਾਂ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਅਦਬ ਸਤਿਕਾਰ ਨੂੰ ਸੰਗਤਾਂ ਵਿਚ ਪ੍ਰਚਾਰਨ ਲਈ ਕੁਝ ਥੋੜੇ ਬਹੁਤ ਸਮੇਂ ਲਈ ਕੋਰਸ ਕਰਾਏ। ਐਸੇ ਪ੍ਰੇਮੀ ਸਜਣ ਨੀਯਤ ਕੀਤੇ ਜਾਣ ਜੋ ਘਰਾਂ, ਮਹੱਲਿਆਂ, ਨਗਰਾਂ ਵਿਚ ਜਾ ਜਾ ਕੇ ਘਰਾਂ ਜਾਂ ਗੁਰਦੁਆਰਿਆਂ ਵਿਚ ਰਖੀਆਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀਆਂ ਬੀੜਾਂ ਦੇ ਦਰਸ਼ਨ ਕਰ ਕੇ ਸੇਵਾ-ਸੰਭਾਲ ਤੇ ਅਦਬ ਸਤਿਕਾਰ ਦੀ ਦੇਖ-ਭਾਲ ਕਰਨ। ਅਜਿਹਾ ਪਰਬੰਧ ਕਰਨ ਲਈ ਜੇ ਤਨਖ਼ਾਹਦਾਰ ਪ੍ਰੇਮੀ ਸੇਵਾਦਾਰ ਰਖੇ ਜਾਣ ਤਾਂ ਬਹੁਤ ਕੁਝ ਸੁਧਾਰ ਹੋ ਸਕਦਾ ਹੈ।



www.AKJ.Org

ਕੀਰਤਨ ਸੁਣਾਉਣ ਲਗੇ । ਗੁਰੂ ਸਾਹਿਬ ਨੇ ਸੰਸਾਰ ਦੇ ਦੁਖੀ ਜੀਵਾਂ ਨੂੰ ਠੰਡ ਪਾਉਣ ਲਈ ਜੋ ਸਫ਼ਰ ਕੀਤੇ ਸਨ, ਉਨ੍ਹਾਂ ਵਿਚ ਭਾਈ ਮਰਦਾਨਾ ਸਦਾ ਹੀ ਸੰਗ ਸਾਥ ਰਿਹਾ। ਹੁਣ ਗੁਰੂ ਸਾਹਿਬ ਕਈ ਜੀਵਾਂ ਨੂੰ ਸਤਿ ਮਾਰਗ ਤੇ ਲਾਉਂਦੇ ਹੋਏ ਵਾਪਸ, ਤਲਵੰਡੀ ਮਾਤਾ ਪਿਤਾ ਪਾਸ ਆ ਗਏ ।

ਇਕ ਦਿਨ ਮਾਤਾ ਤ੍ਰਿਪਤਾ ਜੀ ਪ੍ਰਸ਼ਾਦਾ ਤਿਆਰ ਕਰ ਰਹੇ ਸਨ ਕਿ ਬੀਬੀ ਤੁਲਸਾਂ ਨੂੰ ਕਿਹਾ—'ਜਾ ਲਾਲ ਨੂੰ ਕਹੁ ਕਿ ਆ ਕੇ ਪ੍ਰਸ਼ਾਦਾ ਛਕ ਲੈਣ।' ਬੀਬੀ ਤੁਲਸਾਂ ਸਤਿਬਚਨ ਕਹਿ ਕੇ ਅੰਦਰ ਗਈ । ਦੇਖਿਉਸੁ, ਗੁਰੂ ਨਾਨਕ ਦੇਵ ਜੀ ਸੁਤੇ ਪਏ ਹਨ। ਉਠਾਉਣ ਨੂੰ ਜੀਅ ਨਾ ਕੀਤਾ। ਕਿਵੇਂ ਜਗਾਵਾਂ ? ਸੋਚ ਸੋਚ ਕੇ ਚਰਨਾਂ ਨੂੰ ਹੱਥ ਲਾਇਉਸੁ। ਫਿਰ ਹੌਲੀ ਹੌਲੀ ਚਰਨਾਂ ਤੇ ਸਿਰ ਰਖਿਉਸੁ ਤਾਂ ਬੀਬੀ ਤੁਲਸਾਂ ਦੇ ਕਪਾਟ ਖੁਲ੍ਹ ਗਏ। ਪੂਰਬਲੇ ਕਰਮ ਜਾਗ ਪਏ। ਆਗਮ-ਨਿਗਮ ਦੀ ਸੋਝੀ ਹੋ ਗਈ । ਨਜ਼ਰ ਆਇਉਸੁ ਕਿ ਗੁਰੂ ਨਾਨਕ ਦੇਵ ਜੀ ਸੰਗਲਾਦੀਪ ਲਾਗੇ, ਸਮੁੰਦਰ ਵਿਚੋਂ ਆਪਣੇ ਸਿੱਖ, ਮਨਸੁਖ ਦਾ ਡੁਬ ਰਿਹਾ ਜਹਾਜ਼ ਕਢ ਰਹੇ ਹਨ ।

ਅਜੇ ਬੀਬੀ ਤੁਲਸਾਂ ਇਹ ਕੌਤਕ ਦੇਖ ਰਹੀ ਸੀ ਕਿ ਮਾਤਾ ਤ੍ਰਿਪਤਾ ਜੀ ਦੀ ਆਵਾਜ਼ ਕੰਨੀ ਪਈ—'ਨੀ ਤੁਲਸਾਂ ! ਦੇਰ ਹੁੰਦੀ ਜਾਂਦੀ ਏ । ਲਾਲ ਨੂੰ ਉਠਾ ਲਿਆ।' ਬੀਬੀ ਤੁਲਸਾਂ ਅਬੜਵਾਹੇ ਉਠੀ। ਮਾਤਾ ਤ੍ਰਿਪਤਾ ਜੀ ਨੂੰ ਆ ਕੇ ਕਹਿਉਸੁ—'ਮਾਤਾ ! ਮੈਂ ਕਿਸ ਨੂੰ ਜਗਾਵਾਂ ? ਤੇਰਾ ਪੁੱਤਰ ਤਾਂ ਕੋਈ ਵੱਡਾ ਮਨੁਖ ਹੈ। ਇਤਨਾ ਵੱਡਾ ਮਨੁਖ, ਜਿਸ ਦੀ ਕੋਈ ਥਾਹ ਨਹੀਂ ਪਾ ਸਕਦਾ। ਉਹ ਤਾਂ ਸਮੁੰਦਰ ਵਿਚੋਂ ਆਪਣੇ ਸਿੱਖ ਦਾ ਡੁਬ ਰਿਹਾ ਜਹਾਜ਼ ਬੰਨੇ ਲਾ ਰਿਹਾ ਹੈ।' ਇਹ ਸੁਣ ਕੇ ਮਾਤਾ ਤ੍ਰਿਪਤਾ ਜੀ ਚੁਪ ਹੋ ਗਏ । ਕੋਈ ਜਵਾਬ ਨਾ ਦਿੱਤਾ । ਜਦੋਂ ਥੋੜੀ ਦੇਰ ਬਾਅਦ ਗੁਰੂ ਨਾਨਕ ਦੇਵ ਜੀ ਅੰਦਰੋਂ ਉਠ ਕੇ ਮਾਤਾ ਜੀ ਪਾਸ ਆਏ ਤਾਂ ਮਾਤਾ ਜੀ ਨੇ ਬੀਬੀ ਤੁਲਸਾਂ ਵਾਲੀ ਸਾਰੀ ਗੱਲ ਦਸੀ। ਗੁਰੂ ਸਾਹਿਬ ਕਹਿਣ ਲਗੇ—'ਮਾਤਾ ਜੀ ! ਤੁਲਸਾਂ ਦੀ ਗੱਲ ਦਾ ਖਿਆਲ ਨਾ ਕਰੋ। ਉਹ ਤਾਂ ਕਮਲੀ ਹੈ।'

ਬੇਬੇ ਨਾਨਕੀ ਜੀ, ਜੋ ਉਨ੍ਹਾਂ ਦਿਨਾਂ ਵਿਚ ਪੇਕੇ ਆਏ ਹੋਏ ਸਨ, ਉਹ ਵੀ ਕੋਲ ਬੈਠੇ ਸਭ ਨਜ਼ਾਰਾ ਅਖੀਂ ਦੇਖ ਰਹੇ ਸਨ। ਜਦੋਂ ਇਹ ਸੁਣਿਆ ਕਿ ਵੀਰ ਨੇ ਤੁਲਸਾਂ ਨੂੰ ਕਮਲੀ ਕਹਿ ਦਿੱਤਾ ਹੈ ਤਾਂ ਯਕਦਮ ਘਬਰਾ ਗਈ। ਫ਼ੌਰਨ ਧਿਆਨ 'ਤੁਲਸਾਂ' ਵਲ ਚਲਾ ਗਿਆ । ਤੁਲਸਾਂ ਸਚਮੁਚ ਕਮਲੀ ਹੋ ਚੁਕੀ ਸੀ।

ਬੇਬੇ ਨਾਨਕੀ ਜੀ ਨੇ ਗੁਰੂ ਨਾਨਕ ਦੇਵ ਜੀ ਨੂੰ ਇਕਲਵਾਂਜੇ ਹੋ ਕੇ ਕਿਹਾ—'ਵੀਰ ਜੀ ! ਤੁਸਾਂ ਇਹ ਕੀ ਕਹਿ ਦਿੱਤਾ ? ਤੁਲਸਾਂ ਨੂੰ ਕਮਲੀ ਹੋਣ ਦਾ ਸਰਾਪ ਦੇ ਦਿਤਾ।

ਗੁਰੂ ਸਾਹਿਬ—ਬੇਬੇ ਜੀ ! ਫ਼ਿਕਰ ਨਾ ਕਰੋ। ਉਹ ਤਾਂ ਵਾਹਿਗੁਰੂ ਦੇ ਪਿਆਰ ਵਿਚ ਕਮਲੀ ਹੋਈ ਹੈ। ਹੋਰ ਸੰਸਾਰ ਵਲੋਂ ਉਸ ਦਾ ਮੋਹ ਦਾ ਨਾਤਾ ਟੁਟ ਗਿਆ ਹੈ। ਉਹ ਵਾਹਿਗੁਰੂ ਨੂੰ ਖ਼ੂਬ ਸਿਮਰੇਗੀ ਅਤੇ ਸਿਮਰਨ ਵਿਚ ਹੀ ਆਪਾ ਵਿਸਰ ਜਾਏਗਾ। ਆਪਣੀ ਸੁਧ ਨ ਰਹੇਗੀ। ਉਸ ਦੇ ਲੋਕ ਪ੍ਰਲੋਕ ਦੋਨੋਂ ਸੁਹੇਲੇ ਹੋ ਗਏ ਹਨ।

ਭਾਈ ਵੀਰ ਸਿੰਘ ਜੀ ਲਿਖਦੇ ਹਨ ਕਿ ਜੋਤ ਨਿਰੰਜਨੀ ਨੂੰ ਪਹਿਲ ਪ੍ਰਿਥਮ ਪਛਾਨਣਹਾਰ ਬੇਬੇ ਨੇ ਸ਼ੁਕਰ ਕੀਤਾ। ਤੁਲਸਾਂ ਦੇ ਦਿਨ ਆਤਮ ਸੁਖ ਵਿਚ ਲੰਘੇ।

(ਸ੍ਰੀ ਗੁਰੂ ਨਾਨਕ ਚਮਤਕਾਰ-੧, ਪੰਨਾ ੧੧੯)

ਬੀਬੀ ਤੁਲਸਾਂ ਬਾਰੇ ਭਾਈ ਸੰਤੋਖ ਸਿੰਘ ਜੀ ਨੇ ਸ੍ਰੀ ਨਾਨਕ ਪ੍ਰਕਾਸ਼ ਵਿਚ ਲਿਖਿਆ ਹੋਇਆ ਹੈ :—

ਜੀਵਤਿ ਰਹੀ ਜਗਤ ਮਹਿ ਜਾਵਦ । ਨਹਿ ਆਈ
ਸੁਧ ਤਿਹ ਕੋ ਤਾਵਦ। ਜਬ ਹੀ ਤਯਾਗਯੋ ਭੂਤਕ
ਦੇਹਾ। ਭਈ ਮੁਕਤਿ ਗਵਨੀ ਹਰਿ ਗ੍ਰੇਹਾ ॥੭੦॥

[ਪੂਰਬਾਰਧ, ਅਧਯਾਯ ੪੩

ਸਤਿਗੁਰੂ ਪਾਤਸ਼ਾਹ ਜੋ ਖ਼ਾਸ ਵਾਹਿਗੁਰੂ ਦੀ ਇਕ ਮਹਾਨ ਸ਼ਕਤੀ ਹੋ ਕੇ ਇਸ ਸੰਸਾਰ ਤੇ ਪ੍ਰਗਟੇ ਸਨ, ਉਨ੍ਹਾਂ ਦੀ ਜਿਸ ਪ੍ਰਾਣੀ ਤੇ ਮਿਹਰ ਦੀ ਨਿਗਾਹ ਹੋ ਜਾਵੇ, ਉਸ ਦਾ ਜਨਮ ਕਿਉਂ ਨ ਸੰਵਰੇ ? ਭਾਈ ਨੰਦ ਲਾਲ ਜੀ ਇਸੇ ਲਈ ਲਿਖਦੇ ਹਨ :—

'ਯਕ ਨਿਗਾਹਿ ਜਾਂ ਫ਼ਜ਼ਾਇਸ਼, ਬਸ ਬਵੱਦ ਦਰਕਾਰੇ ਮਾ।'

ਇਸ ਦੇ ਅਰਥ ਹਨ ਕਿ ਸਤਿਗੁਰੂ ਦੀ ਜਿੰਦ ਪਾਉਣ ਵਾਲੀ ਇਕ ਤੱਕਣੀ ਹੀ ਸਾਡੇ ਲਈ ਕਾਫ਼ੀ ਹੈ।

ਇਹ ਸੀ ਬੀਬੀ ਤੁਲਸਾਂ ਦੇ ਨਿਸਤਾਰੇ ਦਾ ਉਤਮ ਕਾਰਨ। ਫਿਰ ਬੀਬੀ ਤੁਲਸਾਂ ਸਵਾਸ ਸਵਾਸ ਵਾਹਿਗੁਰੂ ਦੇ ਨਾਮ ਵਿਚ ਕਿਉਂ ਨਾ ਪਰੋਤੀ ਜਾਏ ? ਕਿਉਂ ਨਾ ਇਸੇ ਅਵਸਥਾ ਵਿਚ ਅੰਤ ਹੋਏ ? ਫਿਰ ਕਿਉਂ ਨਾ ਵਾਹਿਗੁਰੂ ਦੇ ਦਰਬਾਰ ਵਿਚ ਯੋਗ ਥਾਂ ਮਿਲੇ ?

www.AKJ.Org

# ਦਯਾ ਕੇ ਦਯਾਲ ਮੋਹਿ ਪਤਿਤ ਉਧਾਰੀਐ ॥

ਨਖ ਸਿਸ ਲਉ ਸਗਲ ਅੰਗ ਰੋਮ ਰੋਮ ਕਰਿ,
ਕਾਟਿ ਕਾਟਿ ਸਿਖਨ ਕੇ ਚਰਨ ਪਰ ਵਾਰੀਐ ॥
ਅਗਨ ਜਲਾਇ, ਫੁਨਿ ਪੀਸਨ ਪੀਸਾਇ ਤਾਂਹਿ,
ਲੈ ਉਡੈ ਪਵਨ ਹੋਇ ਅਨਿਕ ਪ੍ਰਕਾਰੀਐ ॥
ਜਤ ਕਤ ਸਿਖ ਪਗ ਧਰੈ ਗੁਰ ਪੰਥ ਪ੍ਰਾਤ,
ਤਾਹੂ ਤਾਹੂ ਮਾਰਗ ਮਹਿ ਭਸਮ ਕੋ ਡਾਰੀਐ ॥
ਤਿਹ ਪਦ ਪਾਦਕ ਚਰਨ ਲਿਵ ਲਾਗੀ ਰਹੈ,
ਦਯਾ ਕੇ ਦਯਾਲ ਮੋਹਿ ਪਤਿਤ ਉਧਾਰੀਐ ॥੬੭੨॥

ਦਾਸ ਨੂੰ ਅਚਾਨਕ ਸ੍ਰੀ ਅਖੰਡ ਪਾਠ ਜੀ ਦੇ ਦਰਸ਼ਨ ਪਰਸਨ ਗਇਆਂ ਨੂੰ ਸਖ਼ਤ ਐਕਸੀਡੈਂਟ ਮੌਤ ਬਰਾਬਰ ਹੋਇਆ। ਹੁਕਮ ! ਭਾਣਾ !! ਸ਼ੁਕਰ !!! ਸਤਿਗੁਰੂ ਜੀ ਨੇ ਮਰਦਾ ਬਹੁਰ ਜੀਵਾਇਆ ਹੈ। ਗੁਰਸਿਖ ਸੰਗਤਾਂ ਤੇ ਗੁਰਮੁਖ ਪਿਆਰਿਆਂ ਵਲੋਂ ਬੇਅੰਤ ਤਾਰਾਂ ਤੇ ਪ੍ਰੇਮ-ਪੱਤਰ ਹਮਦਰਦੀ ਭਰੇ ਪੁਜੇ ਹਨ। ਕਈ ਗੁਰਮੁਖ ਪਿਆਰੇ ਸਹਿਤ ਪਰਵਾਰਾਂ ਦੇ ਆਗਰਾ, ਕਾਨਪੁਰ, ਕੋਟਾ, ਇੰਦੌਰ, ਮੇਰਠ ਆਦਿਕ ਸ਼ਹਿਰਾਂ ਤੋਂ ਮੈਂ ਨੀਚ, ਮਨਮੁਖ, ਮਤ-ਹੀਣ, ਤੇ ਔਗੁਣ-ਭਰੇ ਨੂੰ ਬੜੇ ਹਿਤ ਨਾਲ ਮਿਲਣ ਆਏ ਹਨ। ਇਥੇ ਹੀ ਬਸ ਨਹੀਂ, ਦਾਸ ਨਮਿਤ ਕਈ ਗੁਰੂ ਕੇ ਲਾਲ ਚੌਪਈ ਦੇ ਪਾਠ ਕਰ ਕਰ ਅਤੇ ਕਈ ਪਿਆਰੇ ਰਾਮਕਲੀ ਕੀ ਵਾਰ ਦੇ ਪਾਠ ਕਰ ਕਰ ਦਾਸ ਦੀ ਸਿਹਤਯਾਬੀ ਲਈ ਅਰਦਾਸੇ ਕਰਦੇ ਰਹੇ ਹਨ। ਕਈ ਥਾਈਂ ਸਮਾਗਮਾਂ ਵਿਚ ਸੰਗਤਾਂ ਵਲੋਂ ਇਸ ਕੀਟ ਨਮਿਤ ਅਰਦਾਸੇ ਹੋਏ, ਜਿਨ੍ਹਾਂ ਦਾ ਸਦਕਾ ਦਾਸ ਫਿਰ ਜੀ ਪਿਆ ਹੈ। ਮੈਂ ਕਿਵੇਂ ਤੇ ਕਿਨ੍ਹਾਂ ਅੱਖਰਾਂ ਨਾਲ ਗੁਰਸਿਖਾਂ ਦਾ ਧੰਨਵਾਦ ਕਰਾਂ ! ਗੁਰਸਿਖਾਂ ਨੇ ਬੜੀ ਮਿਹਰ, ਤਰਸ ਤੇ ਪਰਉਪਕਾਰ ਕੀਤਾ ਹੈ। ਦਾਸ ਵਲੋਂ ਹੱਥ ਜੋੜ, ਗਲ ਪਲੂ ਪਾ, ਪਰਕਰਮਾਂ ਕਰਿ, ਡਾਢੇ ਪ੍ਰੇਮ ਪਿਆਰ ਤੇ ਨਿਮਰਤਾ ਸਹਿਤ ਚਰਨ ਚੁੰਮ ਚੁੰਮ, ਡੰਡਉਤ ਬੰਦਨਾ ਕਰਿ, ਸਭ ਵੀਰਾਂ ਭੈਣਾਂ ਦਾ ਤਹਿ-ਦਿਲੋਂ ਧੰਨਵਾਦ ਤੇ ਸ਼ੁਕਰੀਆ ਹੈ। ਦਾਸ ਇਨ੍ਹਾਂ ਪਿਆਰਿਆਂ ਦਾ ਸੇਵਕ, ਲਾਲਾ-ਗੋਲਾ, ਹੁਕਮੀ ਬੰਦਾ, ਸਦਾ ਸਦਾ ਲੋਕ ਪਰਲੋਕ ਵਿਚ ਚਰਨ-ਧੂੜ ਬਣਨ ਦਾ ਜਾਚਕ ਹੈ। ਜਾਚਕ ਹਰ ਵੇਲੇ ਬੇਜ਼ਰੀਦ ਦਾਸਰਾ ਬਣ ਕੇ ਰਹੇਗਾ।

ਦਾਸ ਦਾ ਭਾਈ ਸਾਹਿਬ ਰਣਧੀਰ ਸਿੰਘ ਜੀ ਨਾਲ ਮੇਲ ੧੯੧੦ ਵਿਚ ਪੰਚਖੰਡ ਭਸੌੜ ਵਿਖੇ ਹੋਇਆ ਸੀ। ਦਾਸਰਾ ਅੰਮ੍ਰਿਤ ਵੇਲੇ ਇਕ ਕਮਰੇ ਦੀ ਗੁੱਠੇ ਬੈਠਾ ਨਾਮ-ਅਭਿਆਸ ਕਰ ਰਿਹਾ ਸੀ ਤਾਂ ਭਾਈ ਸਾਹਿਬ ਨੇ ਪਿਛੋਂ ਆ ਕੇ ਜੱਫ਼ੀ ਪਾ ਲਈ ਤੇ ਕਹਿਣ ਲਗੇ, "ਤੂੰ ਅਜ ਤਾਈਂ ਕਿਥੇ ਲੁਕਿਆ ਰਿਹਾ ਹੈਂ ? ਸਾਨੂੰ ਤੇਰਾ ਹੁਣ ਤਕ ਪਤਾ ਕਿਉਂ ਨਹੀਂ ਲਗਾ ?" ਬਸ ਉਸੇ ਛਿਨ ਤੋਂ ਐਸਾ ਮਿਲਾਪ ਹੋਇਆ ਕਿ ਕਦੇ ਵਿਛੜੇ ਹੀ ਨਹੀਂ।

ਜਨਵਰੀ ੧੯੭੫ ਵਿਚ ਮੈਂ ਆਪਣੇ ਲੜਕੇ ਕਰਨਲ ਕੁਲਵੰਤ ਸਿੰਘ ਪਾਸ ਅੰਬਾਲੇ ਛਾਉਣੀ ਠਹਿਰਿਆ ਹੋਇਆ ਸੀ ਕਿ ਗੁਰੂ ਨੇਤ ਨਾਲ ਇਕ ਦਿਨ ਅੰਮ੍ਰਿਤ ਵੇਲੇ ਨਿਤਨੇਮ ਅਭਿਆਸ ਤੋਂ ਬਾਅਦ ਅੱਖ ਲਗ ਗਈ ਤਾਂ ਕੀ ਵੇਖਦਾ ਹਾਂ ਕਿ ਦਾਸ ਨੇ ਇਹ ਪੰਜ-ਭੂਤਕੀ ਚੋਲਾ ਛਡ ਦਿਤਾ ਹੈ ਤੇ ਸ੍ਰੀ ਮਾਨ ਭਾਈ ਸਾਹਿਬ ਲੈਣ ਆਏ ਹਨ। ਉਨ੍ਹਾਂ ਪੁਛਿਆ, ਕਿਸੇ ਨੂੰ ਮਿਲਣਾ ਹੈ ? ਦਾਸ ਨੇ ਕਿਹਾ, ਕਿਸ ਨੂੰ ਮਿਲਣਾ ਹੈ ? ਉਹ ਨੂੰਹ ਖੜੀ ਹੈ, ਖੜੀ ਰਹਿਣ ਦਿਉ। ਅਸੀਂ ਚਲ ਪਏ ਅਤੇ ਐਸੇ ਅਸਥਾਨ ਤੇ ਪੁਜੇ ਜਿਥੇ ਇਕ ਬੜੇ ਤੇਜ ਪਰਤਾਪ ਵਾਲਾ ਤੇ ਨੂਰਾਨੀ ਚਿਹਰੇ ਵਾਲਾ ਵਿਅਕਤੀ ਬਿਰਾਜਮਾਨ ਹੈ। ਸ਼ਾਇਦ ਧਰਮਰਾਜ ਹੋਣਾ ਹੈ ! ਉਥੇ ਹੋਰ ਬਹੁਤ ਲੋਕ ਖੜੇ ਸਨ। ਉਨ੍ਹਾਂ ਵਲ ਇਸ਼ਾਰਾ ਕਰ ਕੇ ਮੈਨੂੰ ਪੁਛਿਉਸੁ, "ਇਨ੍ਹਾਂ ਨੂੰ ਜਾਣਦਾ ਹੈਂ, ਇਹ ਕੌਣ ਹਨ ?" ਮੈਂ ਕਿਹਾ, "ਮੈਨੂੰ ਕੀ ਪਤਾ, ਇਹ ਕੌਣ ਹਨ ?" ਉਸ ਫਿਰ ਕਿਹਾ, "ਇਹ ਉਹ ਜੀਵ ਹਨ ਜਿਨ੍ਹਾਂ ਦੀਆਂ ਤੂੰ ਅਰਦਾਸਾਂ ਕਰਦਾ ਰਿਹਾ ਹੈਂ।" ਦਾਸ ਨੇ ਉਤਰ ਦਿਤਾ, "ਮੈਂ ਅਰਦਾਸ ਸੰਗਤ ਵਲੋਂ ਕਰਦਾ ਰਿਹਾ ਹਾਂ, ਆਪ-ਹੁਦਰੋਂ ਨਹੀਂ।" ਉਸ ਫਿਰ ਕਿਹਾ, ਚਾਹੇ ਅਰਦਾਸ ਸੰਗਤ ਵਿਚ ਹੀ ਹੁੰਦੀ ਸੀ, ਪਰ ਕਰਦਾ ਤਾਂ ਤੂੰਹੀ ਰਿਹਾ ਹਾਂ।" ਚਾਹੇ ਇਹ ਦ੍ਰਿਸ਼ ਸੁਪਨੇ ਵਿਚ ਹੀ ਦੇਖਿਆ, ਪਰ ਇਹ ਠੀਕ ਹੀ ਪਰਤੀਤ ਹੁੰਦਾ ਹੈ। ਜਿਉਂ ਹੀ ਭਾਈ ਸਾਹਿਬ ਜੀ ਨਾਲ ਮੇਲ ਹੋਇਆ, ਓਦੋਂ ਤੋਂ ਹੀ ਅਰਦਾਸ ਮੇਰੇ ਖਾਤੇ ਵਿਚ ਲਿਖੀ ਗਈ। ਹੁਣ ਤਕ ਸਾਰੀ ਆਯੂ ਵਿਚ ਬੇਅੰਤ ਅਰਦਾਸਾਂ ਦਾਸ ਵਲੋਂ ਗੁਰਮੁਖ ਪਿਆਰਿਆਂ ਲਈ ਕੀਤੀਆਂ ਗਈਆਂ ਹਨ। ਹੁਣ ਸੰਗਤਾਂ ਦੇ ਚਰਨਾਂ ਵਿਚ ਸਨਿਮਰ ਜੋਦੜੀ ਹੈ ਕਿ ਦਾਸ ਅਉਗੁਣ-ਹਾਰੇ ਨੂੰ ਬਖ਼ਸ਼ਵਾਇ ਲਵੋ ਜੀ। ਦਾਸ ਸੰਗਤਾਂ ਦਾ ਅਤੀ ਰਿਣੀ ਹੈ, ਜਿਨ੍ਹਾਂ ਦੀ ਬਖ਼ਸ਼ਸ਼ ਸਦਕਾ ਦਾਸ ਦੀ ਸਿਹਤ ਹੁਣ ਠੀਕ ਹੈ।

ਅਵਗੁਣੀ ਭਰਪੂਰ ਦਾਸਰਾ—ਮਲ ਸਿੰਘ, ਤੁਰਨ ਤਾਰਨ

www.AKJ.Org

# ਨਵੀਂ ਪੀੜ੍ਹੀ ਭਿਆਨਕ ਤਬਾਹੀ ਦੇ ਮੋੜ ਤੇ !

[ ਵਲੋਂ—ਸ੍ਰੀ ਕ੍ਰਿਸ਼ਨ ਕੁਮਾਰ ਜੀ ਰੱਤੂ, ਰਾਮੂਵਾਲ ਮਹਿਤਪੁਰ, ਜਲੰਧਰ ]

ਪਛਮੀ ਤਹਿਜ਼ੀਬ ਦੀ ਨਕਲ ਕਿਸ ਹੱਦ ਤਕ ਪਹੁੰਚੇਗੀ ? ਕੀ ਇਸ ਦੀ ਕੋਈ ਸੀਮਾ ਹੋਵੇਗੀ—ਜਿਥੋਂ ਅਸੀਂ ਆਪਣੀ ਵਰ੍ਹਿਆਂ ਪੁਰਾਤਨ ਸਭਿਅਤਾ ਨੂੰ ਵੇਖ ਸਕਾਂਗੇ ? ਕੀ ਇਹ ਸਾਰਾ ਨਾਟਕ ਇੰਜ ਹੀ ਚਲਦਾ ਰਹੇਗਾ ? ਫੋਕੇ ਭਾਸ਼ਨ, ਨਾਅਰੇ ਤੇ ਸ਼ੋਰ ਇੰਜ ਬਿਨਾਂ ਕੁਝ ਕੀਤਿਆਂ ਹੀ ਚਲਦੇ ਰਹਿਣਗੇ ? ਸੋਚਣਾ ਤੇ ਵੇਖਣਾ ਇਹ ਹੈ ਕਿ ਜੇ ਇਹ ਸਾਰਾ ਕੁਝ ਇਵੇਂ ਹੀ ਚਲਦਾ ਰਿਹਾ ਤਾਂ ਭਾਰਤੀ ਸਭਿਅਤਾ ਅੱਜ ਜੋ ਤਬਾਹੀ ਦੇ ਕਿਨਾਰੇ ਤੇ ਖੜੀ ਹੈ, ਉਸ ਨੂੰ ਬਚਾਉਣਾ ਮੁਸ਼ਕਲ ਨਹੀਂ—ਸਗੋਂ ਅਸੰਭਵ ਹੋ ਜਾਵੇਗਾ।

ਪ੍ਰਸ਼ਨ ਇਹ ਵੀ ਹੈ ਕਿ ਇਕ ਪਾਸੇ ਅਮਰੀਕਾ ਤੇ ਹੋਰਨਾਂ ਪਛਮੀ ਦੇਸ਼ਾਂ ਵਿਚ ਸਾਡੀ ਅਧਿਆਤਮਿਕ ਸਭਿਅਤਾ 'ਚੋਂ ਸ਼ਾਂਤੀ ਖੋਜ ਰਹੇ ਹਿਪੀ ਯੁਵਕ 'ਹਰੇ ਰਾਮਾ ਤੇ ਹਰੇ ਕ੍ਰਿਸ਼ਨਾ' ਗਾਉਂਦੇ ਬਾਜ਼ਾਰਾਂ ਵਿਚ ਬੇਰੋਕ ਘੁੰਮ ਰਹੇ ਹਨ। ਦੂਜੇ ਪਾਸੇ ਸਾਡੇ ਆਪਣੇ ਬਜ਼ਾਰਾਂ ਵਿਚ ਪਛਮ ਦੀ ਤਹਿਜ਼ੀਬ ਦਾ ਤੇ ਨੰਗੇਜ ਦਾ ਪਲਮਦਾ ਹੋਇਆ ਹੜ੍ਹ ਵੀ ਦਿਖਾਈ ਦਿੰਦਾ ਹੈ। ੯੦ ਫ਼ੀ ਸਦੀ ਭਾਰਤੀ ਮੁੰਡੇ ਕੁੜੀਆਂ 'ਤੇ ਪੱਛਮੀ ਅਤੇ ਵਿਸ਼ੇਸ਼ ਮਾਡਰਨ ਬਣਨ ਦੀ ਭੁਖ ਸਵਾਰ ਹੈ ਅਤੇ ਨਤੀਜੇ ਵਜੋਂ ਲੰਬੇ ਵਾਲਾਂ ਤੇ ਖੁਲ੍ਹੀਆਂ ਬੈਲਬਾਟਮਾਂ ਵਾਲੇ ਯੁਵਕ-ਯੁਵਤੀਆਂ ਸ਼ਰੇਆਮ ਤੁਰੇ ਫਿਰਦੇ ਅੱਜ ਕਿਸੇ ਵੀ ਹਿੰਦੁਸਤਾਨੀ ਸ਼ਹਿਰ ਵਿਚ ਦੇਖੇ ਜਾ ਸਕਦੇ ਹਨ। ਪ੍ਰਸ਼ਨ ਇਹ ਹੈ ਕਿ ਆਧੁਨਿਕ ਤਾਂ ਭਾਰਤੀ ਸੰਸਕ੍ਰਿਤੀ ਅਨੁਸਾਰ ਵੀ ਹੋਇਆ ਜਾ ਸਕਦਾ ਹੈ, ਪਰ ਗ਼ਲਤ ਸਿਖਿਆ ਦੇ ਢੰਗ, ਮਨੋਵਿਗਿਆਨਕ ਤੌਰ ਤੇ ਪਿਛੜੇਵਾਂ ਅਤੇ ਵਾਧੂ ਦਬਾਅ ਕਾਰਨ ਇਹ ਤਬਦੀਲੀ ਹੋਰ ਵੀ ਰੰਗ ਪਕੜ ਗਈ ਹੈ। ਵੇਖਣ ਵਾਲੀ ਬੁਨਿਆਦੀ ਗੱਲ ਹੈ ਕਿ ਜੇ ਇਹ ਨੰਗੇਜ ਇੰਜ ਹੀ ਸੀਮਾਵਾਂ ਤੋੜਦਾ ਗਿਆ ਤਾਂ ਅੱਜ ਦੀ ਸਾਡੀ ਭਟਕੀ ਹੋਈ ਜੁਆਨੀ ਤੇ ਆਦਿ ਮਨੁਖ ਦੀ ਸ਼ਕਲ ਵਿਚ ਫ਼ਰਕ ਕਰਨਾ ਬੜਾ ਔਖਾ ਹੋਵੇਗਾ।

ਜਿਥੇ ਇਹ ਸਾਰੇ ਉਪਰੋਕਤ ਤਤ ਅੱਜ ਦੀਆਂ ਜੁਆਨੀਆਂ ਨੂੰ ਵਿਗਾੜਨ ਜਾਂ ਬੇਰੋਕ ਕਰਨ ਵਿਚ ਮਦਦਗਾਰ ਹਨ ਉਥੇ ਇਕ ਹੋਰ ਵੱਡਾ ਕਾਰਨ ਹੈ ਸਾਡੀਆਂ ਲੱਚਰ ਫ਼ਿਲਮਾਂ ਦੀ ਨੁਮਾਇਸ਼। ਇਸ ਵਿਚ ਕੋਈ ਸ਼ਕ ਨਹੀਂ ਕਿ ਭਾਰਤ ਦੁਨੀਆ ਵਿਚ ਸਭ ਤੋਂ ਜ਼ਿਆਦਾ ਫਿਲਮਾਂ ਬਣਾਉਂਦਾ ਹੈ, ਪਰ ਮਿਆਰ ਤੇ ਤਹਿਜ਼ੀਬ ਦੇ ਨੁਕਤੇ ਤੋਂ ਇਹ ਫ਼ਿਲਮਾਂ ਦੂਸਰੇ ਦੇਸ਼ਾਂ ਦੀਆਂ ਫ਼ਿਲਮਾਂ ਦੇ ਮੁਕਾਬਲੇ ਕਈ ਵਾਰ ਜ਼ੀਰੋ ਹੋ ਨਿਬੜਦੀਆਂ ਹਨ।

ਅੰਗ-ਪ੍ਰਦਰਸ਼ਨ, ਸੈਕਸ, ਬਲਾਤਕਾਰ ਦ੍ਰਿਸ਼ ਅੱਜ ਦੀਆਂ ਫ਼ਿਲਮਾਂ ਦਾ ਮੁਖ ਨਿਸ਼ਾਨਾ ਹੈ। ਸਾਡੇ ਯੁਵਕ-ਯੁਵਤੀਆਂ ਦੀ ਪ੍ਰਵਾਣਿਤ ਸੀਮਾ ਦੀ ਸਭ ਤੋਂ ਜ਼ਿਆਦਾ ਪ੍ਰਭਾਵਿਤ ਕਰਨ ਦੀ ਰੇਖਾ ਇਹ ਫ਼ਿਲਮਾਂ ਹੀ ਹਨ। ਜੋ ਅਸ਼ਲੀਲ ਦ੍ਰਿਸ਼ ਉਹ ਪਰਦੇ ਤੇ ਵੇਖਦੇ ਹਨ ਉਹ ਹੀ ਬਾਹਰ ਆ ਕੇ ਸੜਕਾਂ ਬਾਜ਼ਾਰਾਂ ਤੇ ਦੁਹਰਾਉਂਦੇ ਹਨ। ਨਤੀਜੇ ਵਜੋਂ ਅਨੇਕ ਸਕੈਂਡਲ ਅਤੇ ਅਖ਼ਬਾਰੀ ਖ਼ਬਰਾਂ ਗਵਾਹ ਨੇ ਤੇ ਤਬਾਹ ਹੁੰਦੀ ਸਭਿਅਤਾ ਦਾ ਦਿਖਾਵਾ ਸਪੱਸ਼ਟ ਹੈ ਕਿ ਅਸੀਂ ਰਸਾਤਲ ਵਲ ਬੜੀ ਤੇਜ਼ੀ ਨਾਲ ਵਧ ਰਹੇ ਹਾਂ।

ਸਾਡੀ ਵਸੋਂ ਦਾ ਇਕ ਖ਼ਾਸ ਵਰਗ ਹੈ ਜਿਸ ਵਿਚ ਅਫ਼ਸਰ ਤੋਂ ਲੈ ਕੇ ਮੰਤਰੀ ਤਕ ਸ਼ਾਮਿਲ ਹਨ, ਉਦਯੋਗ-ਪਤੀ ਤੇ ਹੋਰ ਅਮੀਰ ਲੋਕ ਸ਼ਾਮਿਲ ਹਨ, ਪਰਜਾ-ਤੰਤਰ ਦੇ ਨਾਂ ਤੇ ਇਸ ਵਰਗ ਵਲੋਂ ਕੀਤੀ ਜਾ ਰਹੀ ਅਯਾਸ਼ੀ ਦਾ ਇਸ ਸਭਿਅਤਾ ਨੂੰ ਡੋਬਣ ਵਿਚ ਜਿੰਨਾ ਹੱਥ ਹੈ, ਉਨਾ ਸ਼ਾਇਦ ਹੋਰ ਕਿਸੇ ਦਾ ਨਾ ਹੋਵੇ।

ਪਾਰਟੀਆਂ, ਕਲੱਬਾਂ ਤੇ ਹੋਰ ਤਿਆਰ ਕੀਤੀਆਂ ਰਾਤ ਦੀਆਂ ਮਹਿਫਲਾਂ ਜੋ ਇਸ ਉਪਰੋਕਤ ਤਬਕੇ ਵਲੋਂ ਅਕਸਰ ਹਰ ਰਾਤ ਮਨਾਈਆਂ ਜਾਂਦੀਆਂ ਹਨ, ਅਯਾਸ਼ੀ ਦੇ ਸਮੂੰਹੀ ਦਰਵਾਜ਼ੇ ਖੋਲ੍ਹਦੀਆਂ ਹਨ। ਨਸ਼ਿਆਂ ਦੇ ਹੜ ਵਿਚ ਉਲਝੀਆਂ ਜੁਆਨੀਆਂ ਅਕਸਰ ਇਹਨਾਂ ਕਲੱਬਾਂ ਵਿਚ ਵੇਚੀਆਂ ਜਾ ਸਕਦੀਆਂ ਹਨ। ਕੀ ਇਹ ਸਾਡੇ ਸਮਾਜ ਦਾ ਪੱਤਣ ਨਹੀਂ ਹਨ ? ਖ਼ੈਰ ਕੁਝ ਵੀ ਹੋਵੇ, ਇਹ ਬੀਮਾਰੀ ਅੱਜ ਬੇ-ਰੋਕ ਵਧਦੀ ਜਾ ਰਹੀ ਹੈ।

[ਬਾਕੀ ਸਫ਼ਾ ੨੯ ਦੇ ਹੇਠ]



www.AKJ.Org

# ਨਾਮ-ਅਭਿਆਸ ਕਮਾਈ ਸਿਖਿਆ-ਕੇਂਦਰ

ਸ: ਅਰਜਨ ਸਿੰਘ ਜੀ ਐਕਸੀਅਨ (ਰੀ:) ਚੰਡੀਗੜ੍ਹ ਨੇ ਸਵਾਸ ਸਵਾਸ ਸਿਮਰਨ ਕਰਨ ਹਿਤ ਸਿਖਿਆ-ਕੇਂਦਰ ਖੋਲ੍ਹਣ ਲਈ ਆਪਣੇ ਕੁਝ ਸੁਝਾਉ ਤਖ਼ਤ ਸਾਹਿਬਾਨ, ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਅਤੇ ਹੋਰ ਨੁਮਾਇੰਦਾ ਪੰਥਕ ਸੰਸਥਾਵਾਂ ਨੂੰ ਲਿਖ ਕੇ ਭੇਜੇ ਹਨ। ੨੫-੫-੭੪ ਨੂੰ ਭੇਜੀ ਗਈ ਉਸ ਪਤਰਕਾ ਦੀ ਨਕਲ ਇਉਂ ਹੈ :—

"ਗੁਰਮੁਖ ਪਿਆਰੇ ਜੀਉ,

ਨਿਮਰਤਾ ਸਹਿਤ ਵਾਹਿਗੁਰੂ ਜੀ ਦੀ ਫ਼ਤਹ,

ਇਸ ਵੇਲੇ ਦੀ ਪੰਥਕ ਦਸ਼ਾ ਆਪ ਤੋਂ ਗੁਝੀ ਨਹੀਂ। ਇਸਦਾ ਕਾਰਨ ਭੀ ਆਪ ਜਾਣਦੇ ਹੋ ਕਿ ਕਲਿਜੁਗੀ ਜੀਉੜੇ ਗੁਰਮਤ-ਮਾਰਗ ਨੂੰ ਭੁਲਾ ਬੈਠੇ ਹਨ। ਗੁਰਵਾਕ ਸਪੱਸ਼ਟ ਹੈ— "ਅਬ ਕਲੂ ਆਇਓ ਰੇ ॥ ਇਕੁ ਨਾਮੁ ਬੋਵਹੁ ਬੋਵਹੁ ॥ ਅਨ ਰੂਤਿ ਨਾਹੀ ਨਾਹੀ ॥ ਮਤੁ ਭਰਮਿ ਭੂਲਹੁ ਭੂਲਹੁ ॥" ਸਭ ਦੁਖਾਂ ਅਤੇ ਰੋਗਾਂ ਦਾ ਦਾਰੂ ਨਾਮ ਹੈ। ਨਾਮ-ਸਿਮਰਨ ਨੇ ਹੀ ਸਭ ਨੂੰ ਚੜ੍ਹਦੀਆਂ ਕਲਾਂ ਵਿਚ ਲੈ ਜਾਣਾ ਹੈ। ਗੁਰਦੇਵ ਨੇ ਸੋਧ ਸੋਧ ਕੇ ਇਹੋ ਤਤ ਕਢਿਆ ਹੈ— "ਬਿਨੁ ਹਰਿ ਭਜਨ ਨਹੀ ਛੁਟਕਾਰਾ।" ਉਨ੍ਹਾਂ ਨੇ 'ਕਰਮ ਧਰਮ ਅਨੇਕ ਕਿਰਿਆ ਸਭ ਊਪਰਿ ਨਾਮੁ ਅਚਾਰ' ਮੰਨਿਆ ਹੈ। ਹਉਮੈ ਦੀ ਅਗਨੀ ਵਿਚ ਸੜ ਰਹੀ ਲੁਕਾਈ ਵਿਚੋਂ ਕੇਵਲ ਗੁਰਮੁਖ ਹੀ ਸ਼ਾਂਤ ਹੈ, ਕਿਉਂਕਿ ਉਹ ਨਾਮ ਵਿਚ ਲੀਨ ਹੈ।

ਗੁਰਮੁਖਿ ਅੰਤਰਿ ਸਾਂਤਿ ਹੈ, ਮਨਿ ਤਨਿ ਨਾਮਿ ਸਮਾਇ ॥ ਨਾਮੋ ਚਿਤਵੈ ਨਾਮੁ ਪੜੈ, ਨਾਮਿ ਰਹੈ ਲਿਵ ਲਾਇ ॥ ਨਾਮੁ ਪਦਾਰਥੁ ਪਾਇਆ, ਚਿੰਤਾ ਗਈ ਬਿਲਾਇ ॥ (ਵਾਰ ਸੋਰਠਿ ਮ: ੪, ਪੰਨਾ ੬੫੩

ਪਰ ਨਾਮੁ ਨੂੰ ਕਿਵੇਂ ਬੁਝਿਆ ਜਾਵੇ ? ਨਾਮ ਦੀ ਕਮਾਈ ਕਿਵੇਂ ਕੀਤੀ ਜਾਏ ? ਇਸ ਲਈ ਸਿਖਿਆ-ਸ਼ਾਲਾ ਕਿਹੜੀ ਹੈ ਅਤੇ ਕਿਥੇ ਹੈ ? ਗੁਰਦੇਵ ਦਾ ਕਥਨ ਹੈ :—

ਸਤ-ਸੰਗਤਿ ਸਤਿਗੁਰ ਚਾਟਸਾਲ ਹੈ, ਜਿਤੁ ਹਰਿ ਗੁਣ ਸਿਖਾ ॥ (ਵਾਰ ਕਾਨੜਾ, ਮ: ੪, ਪੰਨਾ ੧੩੧੬

ਇਹਦੇ ਵਿਚ ਕੋਈ ਸ਼ਕ ਨਹੀਂ ਕਿ ਸਤਿਗੁਰ ਦੀ ਹਜ਼ੂਰੀ ਵਿਚ ਜੁੜੀ ਸੰਗਤ ਹੀ ਸਤਿਸੰਗਤ ਅਥਵਾ ਸਾਧ ਸੰਗਤ ਹੈ, ਪਰ ਅਜੋਕੀ ਸੰਗਤ ਵਿਚ ਨਾਮ-ਅਭਿਆਸ਼-ਕਮਾਈ

---

[ਸਫ਼ਾ ੨੮ ਦੀ ਬਾਕੀ]

ਅਫ਼ਸੋਸ ਹੈ ਕਿ ਸਾਡੇ ਸਮਾਜੀ ਰਹਿਬਰ ਅਤੇ ਸਰਕਾਰ ਦੇ ਵਜ਼ੀਰ ਵੀ ਇਸ ਵਲ ਕੁਝ ਕਦਮ ਚੁਕਣੋਂ ਅਸਮਰਥ ਹਨ।

ਵਧਦਾ ਪੈਸੇ ਦਾ ਪਸਾਰ ਅਤੇ ਵਧਦੀਆਂ ਨਸ਼ੱਈ ਗੋਲੀਆਂ ਜਿਥੇ ਸਾਡੀ ਪੀੜ੍ਹੀ ਨੂੰ ਸਰੀਰਕ ਤੌਰ ਤੇ ਕਮਜ਼ੋਰ ਕਰ ਰਹੀਆਂ ਹਨ, ਉਥੇ ਇਹ ਜ਼ਿਹਨੀ ਤੌਰ ਤੇ ਵੀ ਖ਼ਤਮ ਕਰ ਰਹੀਆਂ ਹਨ। ਕੈਪਸੂਲ, ਐਲ. ਐਸ. ਡੀ. ਦੀ ਵਰਤੋਂ ਅੱਜ ਦੇ ਯੁਵਕਾਂ ਵਿਚ ਆਮ ਜਿਹੀ ਹੋ ਗਈ ਹੈ।

ਯੂਨੀਵਰਸਿਟੀਆਂ ਕਾਲਜਾਂ ਵਿਚ ਵਧਦੀ ਹੋਈ ਨਸ਼ਿਆਂ ਦੀ ਵਰਤੋਂ, ਸੰਸਕ੍ਰਿਤੀ, ਤੇ ਭਾਰਤੀ ਤਹਿਜ਼ੀਬ ਵਲੋਂ ਬੇਪ੍ਰਵਾਹੀ, ਪਤਾ ਨਹੀਂ ਸਾਡੇ ਯੁਵਕ ਨੂੰ ਕਿਥੇ ਲੈ ਜਾਵੇਗੀ।

ਨਾਕਸ ਪੜ੍ਹਾਈ ਢਾਂਚਾ ਤੇ ਅੰਧੇਰੇ ਭਵਿਖ ਨੇ ਨੌਜਵਾਨਾਂ ਨੂੰ ਅਜੀਬ ਦੁਬਿਧਾ ਵਿਚ ਪਾ ਦਿੱਤਾ ਹੈ। ਅੱਜ ਅਨੇਕਾਂ ਪ੍ਰਸ਼ਨਾਂ ਦੇ ਉਤਰ ਵਿਚ ਸਾਡੇ ਯੁਵਕ ਯੁਵਤੀਆਂ ਸਿਰਫ਼ ਤੁਰ ਹੀ ਰਹੇ ਹਨ। ਅਤੇ ਇਹ ਵੇਖਦੇ ਚਲਣਾ ਕਿ ਇਹ ਮਨੋ-ਦਸ਼ਾ ਅਤਿ ਗੰਭੀਰ ਹੈ। ਸਿਰਫ਼ ਕਹਿਣ ਨਾਲ ਕੁਝ ਨਹੀਂ ਹੋਵੇਗਾ।

ਲੋੜ ਹੈ, ਇਸ ਸੁਧਾਰਨ ਦੀ ਬਿਵਸਥਾ ਨੂੰ ਘਰ ਤੋਂ ਸ਼ੁਰੂ ਕੀਤਾ ਜਾਵੇ। ਕੀ ਅਸੀਂ ਆਪਣੇ ਸੁਹਜ ਸਵਾਦ ਵਿਚ ਠਹੁੰਮਾ ਲਿਆ ਕੇ ਆਪਣੀ ਤਬਾਹ ਹੋ ਰਹੀ ਸੰਸਕ੍ਰਿਤੀ ਨੂੰ ਬਚਾਉਣ ਲਈ ਕੋਈ ਉਪਰਾਲਾ ਕਰ ਸਕਦੇ ਹਾਂ, ਜਦ ਕਿ ਉਹ ਤਬਾਹੀ ਦੇ ਅਜੀਬ ਦੋਰਾਹੇ ਤੇ ਪਹੁੰਚੀ ਹੋਈ ਹੈ। ਲੋੜ ਹੈ ਕੁਝ ਠੋਸ ਤੇ ਜ਼ੋਰਦਾਰ ਕਦਮ ਚੁਕਣ ਦੀ ? ਤਾਂ ਕਿ ਵੇਲੇ ਸਿਰ ਆਪਣੀ ਸੰਸਕ੍ਰਿਤੀ ਤੇ ਭਟਕੀ ਹੋਈ ਜੁਆਨੀ ਨੂੰ ਬਚਾਇਆ ਜਾ ਸਕੇ।

[ਅਜੀਤ ਜਲੰਧਰ, ੧-੫-੭੫



www.AKJ.org

ਵਾਲੇ ਗੁਰਮੁਖਾਂ ਦੀ ਬਹੁਤ ਵੱਡੀ ਘਾਟ ਪਰਤੀਤ ਹੁੰਦੀ ਹੈ, ਇਸ ਲਈ ਆਮ ਗੁਰਸਿਖ ਨੂੰ ਲੋੜੀਂਦੀ ਅਗਵਾਈ ਨਹੀਂ ਮਿਲਦੀ।

ਇਸ ਵੇਲੇ ਨਿਰਸੰਦੇਹ ਇਹੋ ਜਿਹੇ ਗੁਰਸਿਖੀ ਕੇਂਦਰਾਂ ਅਤੇ ਸਿਖਿਆ-ਸ਼ਾਲਾਵਾਂ ਦੀ ਲੋੜ ਹੈ, ਜਿਥੇ ਨਾਮ ਸਿਮਰਨ, ਹਰੀ ਭਜਨ, ਗੁਰ-ਸ਼ਬਦ ਦੀ ਕਮਾਈ ਲਈ ਲੋੜੀਂਦੀ ਅਗਵਾਈ ਮਿਲ ਸਕੇ। ਪੂਰਨ ਆਸ ਹੈ ਜੋ ਤੁਸੀਂ ਸਹਿਜ-ਬਿਰਤੀ ਵਾਲੇ ਗੁਰਸਿਖਾਂ ਨੂੰ ਇਕੱਤਰ ਕਰ ਕੇ ਇਸ ਪਾਸੇ ਵਲ ਕੋਈ ਠੋਸ ਕਦਮ ਚੁਕਣ ਦਾ ਉਪਰਾਲਾ ਕਰੋਗੇ ਅਤੇ ਸਤਿਗੁਰੂ ਦੀਆਂ ਖ਼ੁਸ਼ੀਆਂ ਦੇ ਪਾਤਰ ਬਣੋਗੇ।"

ਉਪਰੋਕਤ ਪਤਰਕਾ ਦੇ ਉਤਰ ਵਿਚ ਸ਼੍ਰੋਮਣੀ ਕਮੇਟੀ ਨੇ ੨੫-੭-੭੪ ਨੂੰ ਸਰਦਾਰ ਜੀ ਨੂੰ ਲਿਖਿਆ ਕਿ ਆਪ ਜੀ ਦੇ ਸੁਝਾਵਾਂ ਬਾਰੇ ਸਿੰਘ ਸਾਹਿਬਾਨ ਸ੍ਰੀ ਹਰਿਮੰਦਰ ਸਾਹਿਬ ਅਤੇ ਜਥੇਦਾਰ ਅਕਾਲ ਤਖ਼ਤ ਸਾਹਿਬ ਨੇ ਵਿਚਾਰ ਕੇ ਰਾਇ ਦਿਤੀ ਹੈ ਕਿ ਉਹ ਆਪ ਦੇ ਵਿਚਾਰਾਂ ਨਾਲ ਸਹਿਮਤ ਹਨ ਅਤੇ ਸਮੇਂ ਅਨੁਸਾਰ ਉਹ ਇਸ ਪਾਸੇ ਪੂਰਾ ਯਤਨ ਕਰਨਗੇ।

ਸ਼੍ਰੋਮਣੀ ਕਮੇਟੀ ਦੇ ਇਸ ਉਤਰ ਨਾਲ ਸਰਦਾਰ ਸਾਹਿਬ ਨੂੰ ਅਤੇ ਉਨ੍ਹਾਂ ਦੇ ਮੇਲੀ-ਗੇਲੀ ਸਤਸੰਗੀਆਂ ਨੂੰ ਬਹੁਤ ਹੀ ਖੁਸ਼ੀ ਹੋਈ। ਅਤੇ ਉਨ੍ਹਾਂ ਨੇ ਫਿਰ ਸ਼੍ਰੋਮਣੀ ਕਮੇਟੀ ਨੂੰ ੨੦-੧੦-੭੫ ਨੂੰ ਨਾਮ-ਸਿਮਰਨ-ਅਭਿਆਸ ਕਮਾਈ ਲਈ ਖੋਲ੍ਹੀਆਂ ਜਾਣ ਵਾਲੀਆਂ ਸਿਖਿਆਸ਼ਾਲਾਂ ਬਾਰੇ ਕੁਝ ਰੂਪ-ਰੇਖਾ ਉਲੀਕ ਕੇ ਭੇਜੀ ਅਤੇ ਯੋਗ ਅਸਥਾਨ, ਮਾਹੌਲ, ਗੁਰਮੁਖ ਜੀਵਨ ਜੀਉ ਰਹੇ ਗੁਰਸਿਖਾਂ ਦੀ ਸੇਵਾ ਲੈਣ ਆਦਿ ਬਾਰੇ ਵਿਚਾਰ ਲਿਖ ਕੇ ਭੇਜੇ। ਨਾਲ ਹੀ ਬੇਨਤੀ ਕੀਤੀ ਕਿ ਨਾਮ ਸਿਮਰਨ ਲਈ ਸਿਖਿਆ ਕੇਂਦਰਾਂ ਦੀ ਉਸਾਰੀ ਦਾ ਪਰਬੰਧ ਤੁਰਤ ਕਰ ਕੇ ਸਤਿਗੁਰੂ ਦੀਆਂ ਖੁਸ਼ੀਆਂ ਪ੍ਰਾਪਤ ਕੀਤੀਆਂ ਜਾਣ।

ਉਪ੍ਰੋਕਤ ਬੇਨਤੀ-ਪੱਤਰ ਦੇ ਉਤਰ ਵਿਚ ਸ਼ਰੋਮਣੀ ਕਮੇਟੀ ਨੇ ਫਿਰ ੨੬-੪-੭੫ ਨੂੰ ਸਰਦਾਰ ਸਾਹਿਬ ਨੂੰ ਲਿਖਿਆ ਕਿ ਸਿਮਰਨ ਲਈ ਸਿਖਿਆ-ਸ਼ਾਲਾਵਾਂ ਦੀ ਉਸਾਰੀ ਦਾ ਪਰਬੰਧ ਕਰਨ ਬਾਰੇ ਆਪ ਦੀ ਤਜਵੀਜ਼ ਧਰਮ-ਪਰਚਾਰ ਕਮੇਟੀ ਦੇ ਨੋਟਿਸ ਵਿਚ ਲਿਆਂਦੀ ਗਈ ਹੈ।

... ... ...

ਸਿਖ ਕੌਮ ਦੀ ਧਰਮ ਵਲੋਂ ਨਿਘਰ ਰਹੀ ਦਸ਼ਾ ਦਾ ਵਡਾ ਕਾਰਨ ਇਹੋ ਹੈ ਕਿ ਕੌਮ ਨਾਮ ਸਿਮਰਨ ਤੋਂ ਉਕੀ ਹੀ ਅਨਜਾਣ ਹੁੰਦੀ ਜਾ ਰਹੀ ਹੈ। ਸਿੱਖੀ ਦਾ ਧੁਰਾ ਹੀ ਨਾਮ ਹੈ। ਨਾਮ ਸਿਮਰਨ ਨੂੰ ਪਾਸੇ ਛਡ ਕੇ ਬਾਕੀ ਨਿਰਾ ਭੇਖ ਹੀ ਭੇਖ ਰਹਿ ਜਾਂਦਾ ਹੈ, ਜਿਸ ਨੂੰ ਦੂਜੇ ਸ਼ਬਦਾਂ ਵਿਚ ਧੋਖਾ ਕਹਿ ਸਕਦੇ ਹਾਂ। ਜਗਿਆਸੂ ਨੂੰ ਮੁਕੰਮਲ (Perfact) ਜੀਵਨ ਜੀਉਣ ਵਾਲੀ ਜੁਗਤਿ ਨਾਮ-ਸਿਮਰਨ ਤੋਂ ਹੀ ਪ੍ਰਾਪਤ ਹੋਣੀ ਹੈ ਅਤੇ ਪ੍ਰਾਣੀ ਨੂੰ ਜੀਵਨ ਜਾਚ ਦੀ ਸੇਧ ਨਾਮ-ਕਮਾਈ ਦੁਆਰਾ ਹੀ ਮਿਲਣੀ ਹੈ। ਇਸ ਤੋਂ ਬਗੈਰ ਡਾਵਾਂ-ਡੋਲ ਤੇ "ਜੇ ਇਕ ਅਧ ਚੰਗੀ ਕਰੇ ਦੂਜੀ ਭੀ ਵੇਰਾਸਿ" ਵਾਲੀ ਦਸ਼ਾ ਹੀ ਬਣੀ ਰਹੇਗੀ। ਅਜਿਹੇ ਡਾਵਾਂ-ਡੋਲ ਮਨੁੱਖ ਸਾਰੀ ਉਮਰ ਹਨੇਰੇ ਵਿਚ ਹੀ ਡਾਂਗਾਂ ਮਾਰਦੇ ਰਹਿਣਗੇ।

ਪੰਥ ਵਿਚ ਬੁਧੀਜੀਵੀਆਂ ਦੀ ਘਾਟ ਨਹੀਂ, ਪ੍ਰਚਾਰਕਾਂ ਤੇ ਉਪਦੇਸ਼ਕਾਂ ਦੀ ਘਾਟ ਨਹੀਂ, ਕਥਾ ਕਰਨ ਵਾਲਿਆਂ ਦੀ ਘਾਟ ਨਹੀਂ, ਕੀਰਤਨ ਸੁਣਾਉਣ ਵਾਲੇ ਰਾਗੀਆਂ ਦੀ ਘਾਟ ਨਹੀਂ, ਸਿਖ-ਸਾਹਿਤ ਲਿਖਣ ਵਾਲੇ ਲੇਖਕਾਂ ਦੀ ਵੀ ਘਾਟ ਨਹੀਂ। ਫਿਰ ਵੀ ਜੇ ਕੋਈ ਘਾਟ ਹੈ ਤਾਂ ਉਹ ਕਿਹੜੀ ਘਾਟ ਹੈ ਜਿਸ ਕਾਰਨ ਪੰਥ ਘਾਟੇ ਵਲ ਹੀ ਤੁਰਿਆ ਜਾ ਰਿਹਾ ਹੈ। ਉਹ ਘਾਟ ਹੈ ਅਮਲੀ ਜੀਵਨ ਜੀਉਣ ਵਾਲਿਆਂ ਦੀ। ਪਰਚਾਰਕਾਂ, ਗਿਆਨੀਆਂ, ਰਾਗੀਆਂ, ਬੁਧੀਜੀਵੀਆਂ ਤੇ ਵਿਦਵਾਨਾਂ ਦੇ ਉਪਦੇਸ਼ ਲੋਕਾਂ ਪ੍ਰਥਾਇ ਹੀ ਹਨ, ਆਪਣੇ ਪ੍ਰਥਾਇ ਨਹੀਂ। ਇਸੇ ਕਰਕੇ ਨਾ ਹੀ ਕੋਈ ਉਪਦੇਸ਼ ਕਾਰਗਰ ਹੁੰਦਾ ਹੈ ਅਤੇ ਨਾ ਹੀ ਕਿਸੇ ਦਾ ਕੋਈ ਲੇਖ ਕਿਸੇ ਤੇ ਕੋਈ ਅਸਰ ਪਾਉਂਦਾ ਹੈ। ਅਸਰ ਪਾਉਣ ਵਾਲੀ ਤੇ ਕਿਸੇ ਨੂੰ ਪ੍ਰੇਰਨ ਵਾਲੀ ਇਕੋ ਇਕ ਵਸਤੂ ਨਾਮ-ਸਿਮਰਨ ਅਭਿਆਸ-ਕਮਾਈ ਹੀ ਹੈ, ਜੋ ਕਿ ਜੀਵਨ ਵਿਚ ਅਸਚਰਜ ਪਲਟੇ ਲਿਆਉਂਦੀ ਹੈ। ਕਹਿਣੀ, ਕਥਨੀ ਤੇ ਕਰਣੀ ਦੀ ਇਕ-ਸ਼ਾਰਤਾ ਨਾਮ-ਸਿਮਰਨ ਸਦਕਾ ਹੀ ਬਣ ਆਉਂਦੀ ਹੈ, ਐਵੇਂ ਫੋਕੀਆਂ ਤੇ ਖ਼ੁਸ਼ਕ ਫ਼ਿਲਾਸਫੀਆਂ ਘੋਖਣ ਨਾਲ ਨਹੀਂ।



www.AKJ.Org

ਪਿਆਰਿਓ, ਥੁੱਕੀਂ ਵੜੇ ਪਕਾਉਣ ਨਾਲ ਕੁਝ ਨਹੀਂ ਸੌਰਨਾ। ਲਿਖਤੀ ਤਿਫ਼ਲ-ਤਸੱਲੀਆਂ ਨਾਲ ਕੁਝ ਨਹੀਂ ਬਣਨਾ। ਜੇ ਕੌਮ ਦਾ ਕੁਝ ਸੰਵਾਰਨਾ ਚਾਹੁੰਦੇ ਹੋ ਤਾਂ ਤੁਰੰਤ ਇਸ ਪਾਸੇ ਕੋਈ ਠਿਗਰ ਤੇ ਉਸਾਰੂ ਕਦਮ ਚੁਕਿਆ ਜਾਵੇ। ਜੋ ਸੇਧ ਸ: ਅਰਜਨ ਸਿੰਘ ਜੀ ਨੇ ਉਲੀਕ ਕੇ ਭੇਜੀ ਹੈ ਉਸ ਅਨੁਸਾਰ ਕੋਈ ਪ੍ਰੋਗਰਾਮ ਬਣਾ ਕੇ ਫ਼ੌਰੀ ਅਮਲ ਕਰਨ ਦੀ ਲੋੜ ਹੈ। ਭਲੇ ਕਰਮ ਵਾਸਤੇ ਹੁਕਮ ਹੈ ਕਿ—

ਕਬੀਰ ਕਾਲਿ ਕਰੰਤਾ ਅਬਹਿ ਕਰੁ, ਅਬ ਕਰਤਾ ਸੁਇ ਤਾਲ ॥ (ਪੰਨਾ ੧੩੭੧)

ਫੋਕਟ ਕਰਮਾਂ ਦੀ ਦਿਲਚਸਪੀ ਪੰਥਕ ਪਨੀਰੀ ਨੂੰ ਬਹੁਤ ਗ਼ਲਤ ਸੇਧ ਦੇ ਰਹੀ ਹੈ, ਜਿਸਦੀ ਖ਼ਾਤਰ ਰਾਤ ਦਿਨੇ ਖਪ-ਖਪਾਈ ਹੋ ਰਹੀ ਹੈ ਅਤੇ ਕੌਮ ਦਾ ਅੰਨ੍ਹਾ ਪੈਸਾ ਰੋੜ੍ਹਿਆ ਜਾ ਰਿਹਾ ਹੈ। ਅਜਿਹੇ ਫੋਕਟ ਕਰਮ ਹੀ ਸਾਡੀ ਨਿਘਰਦੀ ਦਸ਼ਾ ਦੇ ਜ਼ਿਮੇਵਾਰ ਹਨ। ਧਰਮ ਸੂਨ ਸਿਆਸਤ ਔਝੜ ਵਲ ਲਈ ਜਾ ਰਹੀ ਹੈ। ਸਿਆਸਤ ਨੂੰ ਜੇ ਮੁਖ-ਕਰਮ ਨਾਮ-ਸਿਮਰਨ ਦੇ ਅਧੀਨ ਕਰ ਕੇ ਤੋਰਿਆ ਜਾਵੇ ਤਾਂ ਉਹ ਵਧੇਰੇ ਫਲੀ-ਭੂਤ ਤੇ ਗੁਣਕਾਰੀ ਸਾਬਤ ਹੋ ਸਕਦੀ ਹੈ।

ਪੰਥਕ ਆਗੂਆਂ ਦੀ ਸੇਵਾ ਵਿਚ ਸਨਿਮਰ ਬੇਨਤੀ ਹੈ ਕਿ ਅਜਿਹੇ ਰੁਝੇਵਿਆਂ ਵਿਚੋਂ ਸਮਾਂ ਕਢ ਕੇ ਨਾਮ-ਸਿਮਰਨ-ਕੇਂਦਰ ਕਾਇਮ ਕਰਨ ਵਲ ਛੇਤੀ ਕਦਮ ਚੁਕਣ ਦੀ ਲੋੜ ਹੈ। ਇਸ ਨਾਲ ਹੀ ਪੰਥ ਦੀ ਚੜ੍ਹਦੀ ਕਲਾ ਹੋਵੇਗੀ ਅਤੇ ਖ਼ਾਲਸੇ ਦੀ ਹਰ ਮੈਦਾਨ ਫ਼ਤਹ ਹੋਵੇਗੀ। ਤਦੋਂ ਖ਼ਾਲਸਾ ਚਹੁੰ ਕੂੰਟਾਂ ਵਿਚ ਚਮਕੇਗਾ।

---

## ਫਗਵਾੜਾ ਵਿਖੇ ਰੈਣ ਸਬਾਈ ਕੀਰਤਨ ਤੇ ਅੰਮ੍ਰਿਤ ਸੰਚਾਰ

ਸਮੂੰਹ ਮਾਈ ਭਾਈ ਦੇ ਚਰਨਾਂ ਵਿਚ ਪ੍ਰਾਰਥਨਾ ਹੈ ਕਿ ੨੮ ਜੂਨ ਸ਼ਨੀਵਾਰ ਨੂੰ ਗੁਰਦਵਾਰਾ ਅਕਾਲੀਆਂ, ਰੇਲਵੇ ਰੋਡ ਫਗਵਾੜਾ ਵਿਖੇ, ਸ੍ਰੀ ਗੁਰੂ ਹਰਿ ਗੋਬਿੰਦ ਸਾਹਿਬ ਜੀ ਦੇ ਅਵਤਾਰ ਪੁਰਬ ਸਮੇਂ ਰੈਣ ਸਬਾਈ ਕੀਰਤਨ ਅਤੇ ਅੰਮ੍ਰਿਤ-ਸੰਚਾਰ ਸਮਾਗਮ ਹੋ ਰਹੇ ਹਨ, ਜਿਸ ਵਿਚ ਉਘੇ ਅਖੰਡ ਕੀਰਤਨੀ ਵੀਰ ਭੈਣਾਂ ਜਲੰਧਰ, ਛਾਉਣੀ, ਹੁਸ਼ਿਆਰਪੁਰ, ਲੁਧਿਆਣਾ, ਕਪੂਰਥਲਾ, ਕਰਤਾਰਪੁਰ, ਬੰਗਾ, ਗੁਰਾਇਆ ਆਦਿ ਤੋਂ ਸ਼ਾਮਲ ਹੋ ਰਹੇ ਹਨ। ਸਮੂੰਹ ਸੰਗਤਾਂ ਹਾਜ਼ਰੀਆਂ ਭਰ ਕੇ ਦਾਸਾਂ ਨੂੰ ਨਿਵਾਜੋ ਜੀ।

ਪੁਛ ਗਿਛ ਲਈ—
ਗੁਰਦੀਪ ਸਿੰਘ ਕਰਤਾਰ ਸਿੰਘ ਬਨੈਨਾਂ ਵਾਲੇ,
ਗਾਂਧੀ ਚੌਕ, ਫਗਵਾੜਾ

ਦਾਸਰੇ—ਅਖੰਡ ਕੀਰਤਨੀ ਜੱਥਾ,
ਫਗਵਾੜਾ, ਗੁਰਾਇਆ

---

## 'ਸੂਰਾ' ਮਾਸਕ ਪੱਤਰ ਨੂੰ ਸਹਾਇਤਾ

ਕੈਪਟਨ ਪ੍ਰਿਥੀਪਾਲ ਸਿੰਘ ਜੀ, ਫੀਰੋਜ਼ਪੁਰ ਛਾਉਣੀ
ਪ੍ਰੋਫੈਸਰ ਲਖਦੇਵ ਸਿੰਘ ਜੀ, ਹੁਸ਼ਿਆਰਪੁਰ
ਸ: ਰਾਜਿੰਦਰ ਸਿੰਘ ਜੀ, ਡੁਡਲੇ, ਇੰਗਲੈਂਡ
ਬੀਬੀ ਮਹਿੰਦਰ ਕੌਰ ਜੀ, ਨਵੀਂ ਦਿਲੀ-੧੫
ਸ: ਮੁਨਸ਼ਾ ਸਿੰਘ ਜੀ, ਨਵਾਂ ਸ਼ਹਿਰ ਜਲੰਧਰ ਵਲੋਂ ਸ੍ਰੀ ਅਖੰਡਪਾਠ
ਸ: ਸੋਹਨ ਸਿੰਘ ਜੀ, ਗਾਜ਼ੀਆਬਾਦ ਵਲੋਂ ਮਾਤਾ ਜੀ ਦੇ ਅਕਾਲ
ਸ: ਅਵਤਾਰ ਸਿੰਘ ਜੀ ਡਰਾਫਟਸਮੈਨ, ਫ਼ਰੱਕਾ ਬੈਰਜ, ਮੁਰਸ਼ਦਾਬ
ਇਕ ਗੁਰਮੁਖ ਪਰਵਾਰ ਬੰਬੇ ਵਲੋਂ
ਸਤਿਗੁਰੂ ਪਾਤਸ਼ਾਹ ਸਮੂੰਹ ਪਰਵਾਰਾਂ ਨੂੰ ਚੜ੍ਹਦੀਆਂ ਕਲਾਂ ਤੇ ਗੁਰਸਿਖੀ

www.AKJ.Org

# ਰਹਿਤ ਰਹਿਣੀ ਦੀ ਲੋੜ

[ਵਲੋਂ—ਸ: ਅਮਰਜੀਤ ਸਿੰਘ ਜੀ, ਖਾਂਬੜਾ (ਜ਼ਿਲਾ ਜਲੰਧਰ)]

ਇਕ ਬੜੇ ਗੁਰਮੁਖ ਪਿਆਰੇ, ਨਾਮ ਅਭਿਆਸੀ, ਗੁਰੂ ਸਵਾਰੇ ਭਾਈ ਸਾਹਿਬ ਜੀ ਨਾਲ ਮੁਲਾਕਾਤ ਹੋਈ। ਬੈਠਿਆਂ ਬੈਠਿਆਂ ਗੱਲਾਂ ਕੇਸਕੀ ਦੀਆਂ ਤੁਰ ਪਈਆਂ। ਕਹਿਣ ਲਗੇ, ਕੇਸਕੀ ਪੰਜਵਾਂ ਕਕਾਰ ਨਹੀਂ, ਭਾਈ ਸਾਹਿਬ ਰਣਧੀਰ ਸਿੰਘ ਜੀ ਨੇ ਐਵੇਂ ਤੋਰ ਲਿਆ ਨਾਲ। ਦਾਸ ਇਸ ਗੱਲ ਦੇ ਹਕ ਵਿਚ ਨਹੀਂ ਸੀ ਕਿ ਕੇਸਕੀ ਕਕਾਰ ਭਾਈ ਸਾਹਿਬ ਨੇ ਸ਼ੁਰੂ ਕੀਤਾ। ਦਾਸ ਨੇ ਕਿਹਾ, ਕਨਿੰਘਮ ਤਾਂ ਭਾਈ ਸਾਹਿਬ ਜੀ ਨਾਲੋਂ ਪਹਿਲਾਂ ਦਾ ਲਿਖ ਗਿਆ।

ਸੁਣਿਆ ਤਾਂ ਸੀ ਕਿ ਪਹਿਲਾਂ ਸਾਰੇ ਕੇਸਕੀ ਸਜਾਉਂਦੇ ਸਨ । ਅਕਾਲ ਤਖ਼ਤ ਸਾਹਿਬ ਤੇ ਵੀ ਕੇਸਕੀ ਸਜਾਈ ਜਾਂਦੀ ਰਹੀ ਹੈ; ਪਰ ਮੈਂ ਹੁਣ ਪ੍ਰਤਖ ਦੇਖ ਲਿਆ ਤੇ ਲਿਖ ਰਿਹਾ ਹਾਂ ਕਿ ਪਹਿਲਾਂ ਹੋਰ ਜਥੇ ਕੇਸਕੀ ਵੀ ਸਜਾਉਂਦੇ ਸਨ। ਸਾਡੇ ਪਿੰਡ ਇਕ ਮਾਤਾ ਜੀ ਹਨ, ਉਹਨਾਂ ਦਸਿਆ ਕਿ ਜਦੋਂ ਜੈਤੋ ਦਾ ਮੋਰਚਾ ਲਗਾ, ਅਨੰਦਪੁਰ ਸਾਹਿਬ ਤੋਂ ਜਥਾ ਗਿਆ ੫੦੦ ਸਿੰਘਾ ਦਾ। ਕੈਨੇਡਾ ਤੋਂ ਕਾਫੀ ਸਿੰਘ ਆਏ ਸਨ। ਪਿੰਡ ਸਲੌਦੀ (ਖੰਨੇ ਕੋਲ) ਠਹਿਰਿਆ । ਰਾਤ ਉਥੇ ਕਟੀ। ਪਿੰਡ ਦਿਆਂ ਬੜੀ ਸੇਵਾ ਕੀਤੀ। ਦੂਜੀ ਰਾਤ ਵੀ ਉਥੇ ਕਟੀ ਤੇ ਅੰਮ੍ਰਿਤ-ਸਿੰਚਾਰ ਵੀ ਕੀਤਾ। ਸੌ ਕੁ ਪ੍ਰਾਣੀਆਂ ਨੇ ਅੰਮ੍ਰਿਤ ਛਕਿਆ। ਚਾਲੀ ਦੇ ਕਰੀਬ ਬੀਬੀਆਂ ਸਨ। ਉਹਨਾਂ ਵਿਚੋਂ ਅਜੇ ਵੀ ਰਜਿਸਟਰਾਰ ਭਰਪੂਰ ਸਿੰਘ ਜੀ ਦੇ ਮਾਤਾ ਜੀ ਕੇਸਕੀ ਰਹਿਤ ਦੇ ਧਾਰਨੀ ਹਨ। ਪਿੰਡ ਲਖਨਪੁਰ ਸਮਰਾਲੇ ਕੋਲ ਹੈ । ਅਤੇ ਹੋਰ ਵੀ ਤਿੰਨ ਚਾਰ ਮਾਤਾਵਾਂ ਹਨ, ਜਿਹਨਾਂ ਨੇ ਅਜੇ ਤਕ ਕੇਸਕੀਆਂ ਸਜਾਈਆਂ ਹੋਈਆਂ ਹਨ। ਸੋ ਇਹ ਗੱਲ ਪਰਤੱਖ ਹੈ ਕਿ ਭਾਈ ਸਾਹਿਬ ਤੋਂ ਇਲਾਵਾ ਕਈ ਜਥਿਆਂ ਤੇ ਗੁਰਮੁਖ ਪਰਵਾਰਾਂ ਵਿਚ ਕੇਸਕੀਆਂ ਸਜਾਉਣ ਦੀ ਮਰਯਾਦਾ ਪਰਚਲਤ ਸੀ। ਭਾਈ ਸਾਹਿਬ ਰਣਧੀਰ ਸਿੰਘ ਜੀ ਦਸਮ ਪਾਤਸ਼ਾਹ ਦੀ ਦ੍ਰਿੜ੍ਹਾਈ ਰਹਿਤ ਮਰਯਾਦਾ ਵਿਚ ਆਪ ਹੁਦਰੋਂ ਕਿਉਂ ਤੇ ਕਿਵੇਂ ਅਦਲਾ ਬਦਲੀ ਕਰ ਸਕਦੇ ਸਨ।

ਕਲਜੁਗ ਵਿਚ ਜਨਮੇ ਕੋਈ ਵਿਚਲੇ ਗੁਰਮੁਖ ਜਨ ਹੀ ਨਾਮ ਬਾਣੀ ਦੇ ਆਸਰੇ ਇਨ੍ਹਾਂ ਚੇਸ਼ਟਾਵਾਂ ਤੋਂ ਬਚਦੇ ਹਨ, ਨਹੀਂ ਤਾਂ ਸਭ ਇਨ੍ਹਾਂ ਦੀ ਲਪੇਟ ਵਿਚ ਫਸੇ ਮਾਰ ਖਾਈ ਜਾਂਦੇ ਹਨ। ਇਨ੍ਹਾਂ ਦੇ ਜਾਲ ਵਿਚ ਫਸੇ ਮਨੁੱਖ ਕੋਹਾਂ ਦੂਰ ਜਾ ਡਿਗਦੇ ਹਨ ਅਤੇ ਇਸ ਦਲਦਲ ਵਿਚ ਫਸ ਕੇ ਬੁਧ ਇੰਨੀ ਭ੍ਰਿਸ਼ਟੀ ਜਾਂਦੀ ਹੈ ਕਿ ਉਹਨਾਂ ਨੂੰ ਭਲੇ ਬੁਰੇ ਦੀ ਤਮੀਜ਼ ਹੀ ਨਹੀਂ ਰਹਿੰਦੀ। ਕੁ-ਰਸਾਂ, ਕੁਚਸਕਿਆਂ ਤੇ ਫੋਕੇ ਸੁਆਦਾਂ ਨੂੰ ਮਾਨਣਾ ਹੀ ਉਹ ਆਪਣੀ ਜ਼ਿੰਦਗੀ ਦਾ ਨਿਸ਼ਾਨਾ ਬਣਾਈ ਰਖਦੇ ਹਨ। ਅਤੇ ਇਸ ਤਰ੍ਹਾਂ ਇਨ੍ਹਾਂ ਨੂੰ ਭੋਗਦੇ ਭੋਗਦੇ ਅਤਿ ਦੁਖੀ ਹੋ ਜਾਂਦੇ ਹਨ। ਅੰਤ ਖਜਲ ਖੁਆਰ ਹੋ ਕੇ ਅਤ੍ਰਿਪਤੀ ਵਿਚ ਹੀ ਮਰ ਜਾਂਦੇ ਹਨ।

ਕਲਜੁਗ ਵਿਚ ਕਾਮ ਪਰਧਾਨ ਹੈ । ਇਸ ਦੀ ਮਾਰ ਤੋਂ ਵਡੇ ਵਡੇ ਰਿਸ਼ੀ ਮੁਨੀ ਵੀ ਨਹੀਂ ਬਚ ਸਕੇ। ਕਾਮ ਨੇ ਵਡੇ ਵਡੇ ਤਪੀਸਰਾਂ ਦੀਆਂ ਵੀ ਹੱਠ-ਸਮਾਧੀਆਂ ਡਲਾ ਦਿਤੀਆਂ । ਜਿਥੇ ਕਾਮ ਨੇ ਵਡੇ ਵਡੇ ਦੇਵਤਿਆਂ ਨੂੰ ਆਪਣੀ ਲਪੇਟ ਵਿਚ ਲੈ ਲਿਆ ਉਥੇ ਸਧਾਰਨ ਮਨੁੱਖਾਂ ਦੀ ਕੀ ਵਟੀਦੀ ਹੈ । ਇਸ ਵੇਲੇ ਜਦੋਂ ਕਿ ਫੈਸ਼ਨ ਪ੍ਰਸਤੀ ਤੇ ਨੰਗੇਜਪੁਣੇ ਦੀ ਅਨ੍ਹੇਰੀ ਝੁਲ ਰਹੀ ਹੈ ਅਤੇ ਕਾਮ ਨੂੰ ਉਤੇਜਨਾ ਦੇਣ ਵਾਲੀਆਂ ਫਿਲਮਾਂ ਤੇ ਕਾਮਵਾਸ਼ਨਾ ਉਪਜਾਊ ਫਿਲਮੀ ਗਾਣੇ, ਵੇਸਵਾ ਨੁਮਾ ਭੜਕੀਲੇ ਲਿਬਾਸ ਆਦਿ ਦੀ ਨੁਮਾਇਸ਼ ਸ਼ਿਖਰਾਂ ਤੇ ਹੈ ਤਾਂ ਕਿਹੜਾ ਸੂਰਬੀਰ ਇਸ ਬਲਦੀ ਅੱਗ ਵਿਚ ਸਾਬਤ ਰਹਿ ਸਕਦਾ ਹੈ।

ਜਿਨਿ ਮਿਲਿ ਮਾਰੇ ਪੰਚ ਸੂਰਬੀਰ ਐਸੋ ਕਉਨੁ
ਬਲੀ ਰੇ ॥ ਜਿਨਿ ਪੰਚ ਮਾਰਿ ਬਿਦਾਰਿ ਗੁਦਾਰੇ,
ਸੋ ਪੂਰਾ ਇਹ ਕਲੀ ਰੇ ॥ [ਆਸਾ ਮ:੫,ਪੰਨਾ ੪੦੪

ਕਾਮੀ ਇਸਤਰੀ ਪੁਰਸ਼ਾਂ ਨੂੰ ਸੋਹਣਾ ਬਣਨ ਦਾ ਭੁਸ ਪਿਆ ਹੁੰਦਾ ਹੈ, ਜਿਸ ਲਈ ਉਹ ਸਰੀਰਕ ਬਣਾਉ-ਸ਼ਿੰਗਾਰ ਦੇ ਭਾਂਤੋ ਭਾਂਤੀ ਵੇਸ ਬਣਾਂਦੇ ਰਹਿੰਦੇ ਹਨ। ਇਹ ਬਣਾਉ ਸ਼ਿੰਗਾਰ ਕਾਮ-ਚੇਸ਼ਟਾ ਨੂੰ ਹੋਰ ਭੀ ਤੀਖਣ ਕਰਦੇ ਹਨ । ਇਸ ਨਾਲ ਸੰਵਰਦਾ ਤਾਂ ਕੁਝ ਨਹੀਂ, ਵਿਗੜਦਾ ਬਥੇਰਾ ਕੁਝ ਹੈ, ਅਮੋਲਕ ਮਨੁਖੀ ਜੀਵਨ ਐਵੇਂ



www.AKJ.Org

ਭੰਗ ਦੇ ਭਾੜੇ ਹੀ ਰੁੜ੍ਹ ਜਾਂਦਾ ਹੈ ।

ਸਤਿਗੁਰਾਂ ਨੇ ਤਾਹੀਓਂ ਤਾਂ ਸਾਦਗੀ ਵਿਚ ਰਹਿਣ ਦਾ ਉਪਦੇਸ਼ ਦਿਤਾ ਹੈ; ਸਾਦਾ ਖਾਣਾ, ਸਾਦਾ ਪਹਿਨਣਾ ਤੇ ਸਾਦਾ ਜੀਵਨ ਬਤੀਤ ਕਰਨ ਦੀ ਤਾਕੀਦ ਕੀਤੀ ਹੈ । ਦਸਮੇਸ਼ ਪਿਤਾ ਨੇ ਖ਼ਾਲਸੇ ਦੀ ਰਹਿਤ-ਰਹਿਣੀ ਨਿਮਰਤਾ ਭਾਵ ਵਾਲੀ ਅਤੇ ਸਾਦਗੀ ਭਰਪੂਰ ਦ੍ਰਿੜ੍ਹਾਈ ਹੈ । ਇਸ ਰਹਿਤ-ਰਹਿਣੀ ਵਿਚ ਬਾਂਕਾਪਣ ਤੇ ਸ਼ੁਕੀਨੀ ਦਾ ਮੁਸ਼ਕ ਤਕ ਨਹੀਂ ।

ਖ਼ਾਲਸਈ ਵੇਸ ਸ਼ਰਮ ਧਰਮ ਵਾਲਾ ਹੈ, ਇਥੇ ਫ਼ੈਸ਼ਨ-ਪ੍ਰਸਤੀ ਤੇ ਬੇਹਯਾਈ ਦੀ ਕੋਈ ਥਾਂ ਨਹੀਂ । ਖ਼ਾਲਸਈ ਦਸਤਾਰ (ਕੇਸਕੀ) ਜਿਥੇ ਕੇਸਾਂ ਦੀ ਸਾਂਭ ਸੰਭਾਲ ਕਰਦੀ ਹੈ ਉਥੇ ਪਰੇਮ-ਭਰਪੂਰ ਸ਼ਰਮ-ਹਯਾ ਦਾ ਭੂਸ਼ਣ ਹੈ । ਕੇਸਕੀ-ਸਜੀਲੀਆਂ ਬੀਬੀਆਂ ਦੇ ਜਲਾਲੀ ਚਿਹਰੇ ਦੀ ਤਾਬ ਕੋਈ ਨਹੀਂ ਝੱਲ ਸਕਦਾ ਅਤੇ ਕਿਸੇ ਪੁਰਸ਼ ਦਾ ਉਨ੍ਹਾਂ ਵਲ ਮੈਲੀ ਅਖ ਨਾਲ ਤਕਣ ਦਾ ਹੀਆ ਹੀ ਨਹੀਂ ਪੈਂਦਾ । ਇਸ ਦੇ ਉਲਟ ਵਾਲਾਂ ਦੇ ਫ਼ੈਸ਼ਨ ਬਣਾਉਣ ਵਾਲੀਆਂ ਸਿਰੋਂ ਨੰਗੀਆਂ ਇਸਤ੍ਰੀਆਂ ਵਲ ਸਭ ਅੱਖਾਂ ਪਾੜ ਪਾੜ ਤਕਦੇ ਹਨ, ਤੇ ਰਾਹ ਜਾਂਦਿਆਂ ਕਈ ਲੁੱਚੇ ਲਫ਼ੰਗੇ ਤਾਂ ਕਈ ਤਰ੍ਹਾਂ ਦੇ ਅਵਾਜ਼ੇ ਕਸਦੇ ਤੇ ਛੇੜਖ਼ਾਨੀ ਕਰਦੇ ਹਨ ।

ਸੋ ਇਨ੍ਹਾਂ ਕਾਮਾਦਿਕਾਂ ਤੋਂ ਬਚਣ ਦਾ ਇਕੋ ਇਕ ਤਰੀਕਾ ਹੈ ਕਿ ਗੁਰੂ ਦੀ ਸ਼ਰਨ ਆਈਏ । ਗੁਰੂ ਦੀ ਸ਼ਰਨ ਵਿਚ ਆ ਕੇ ਗੁਰਮਤਿ ਭੈ-ਭਾਵਨੀ ਵਿਚ ਜੀਵਨ ਬਤੀਤ ਕਰੀਏ ।

ਜੋ ਸਰਣਿ ਆਵੈ ਤਿਸੁ ਕੰਠਿ ਲਾਵੈ, ਇਹੁ
ਬਿਰਦੁ ਸੁਆਮੀ ਸੰਦਾ ॥ [ਪੰਨਾ ੫੪੪

ਗੁਰੂ ਦੀ ਸ਼ਰਨ ਵਿਚ ਆਇਆਂ 'ਸ਼ਰਮ ਹਯਾ' ਦਾ ਕਪੜਾ ਪਹਿਰ ਕੇ ਲੋਕਾਂ ਦੀਆਂ ਬਦ ਨਜ਼ਰਾਂ ਤੋਂ ਬਚ ਸਕੀਦਾ ਹੈ । ਫਿਰ ਇਸ ਕਲਜੁਗੀ ਪ੍ਰਭਾਵ ਤੋਂ ਉਹ ਬਚ ਸਕਦੇ ਹਨ ਜਿਨ੍ਹਾਂ ਨੂੰ ਗੁਰੂ ਪਾਤਸ਼ਾਹ ਨੂੰ ਮਿਲਣ ਦੀ, ਪ੍ਰਭੂ-ਭਗਤੀ ਅਤੇ ਪ੍ਰਭੂ-ਮਿਲਾਪ ਦੀ ਤਾਂਘ ਹੁੰਦੀ ਹੈ । ਫਿਰ ਉਹ ਬਚਦੇ ਹਨ ਜਿਨ੍ਹਾਂ ਨੂੰ ਪਹਿਰੇ ਹੋਏ ਗੁਰੂ ਕੇ ਬਾਣੇ ਦੀ ਲਜਿਆ ਹੁੰਦੀ ਹੈ ਅਤੇ ਉਹ ਸਤਿਗੁਰੂ ਦੇ ਡਰ ਵਿਚ ਰਹਿੰਦੇ ਹਨ ।

ਸੋ ਕਾਮ ਆਦਿਕ ਵੈਰੀਆਂ ਤੋਂ ਬਚਣ ਲਈ ਅਤਿ ਜ਼ਰੂਰੀ ਹੈ ਕਿ ਗੁਰੂ ਦਾ ਆਸਰਾ ਲਈਏ, ਅੰਮ੍ਰਿਤ ਛਕ ਕੇ ਗੁਰੂ ਕੇ ਬਣੀਏ ਅਤੇ ਗੁਰੂ ਕੀ ਦ੍ਰਿੜ੍ਹਾਈ ਸਾਦਾ ਰਹਿਤ-ਰਹਿਣੀ ਵਿਚ ਤਿਆਰ-ਬਰ-ਤਿਆਰ ਰਹੀਏ । ਜਿਥੇ ਸਿੰਘਾਂ ਲਈ ਭੈ-ਭਾਵਨੀ ਵਾਲਾ ਵੇਸ ਕੇਸਕੀ ਸਜਾ ਕੇ ਉਪਰ ਦੀ ਸਿੱਧੇ ਪੇਚਾਂ ਵਾਲਾ ਦਸਤਾਰਾ ਸਜਾਣਾ ਲੋੜੀਂਦਾ ਹੈ ਉਥੇ ਬੀਬੀਆਂ ਲਈ ਸਿੰਘਾਂ ਵਾਂਗ ਹੀ ਦਸਮ ਦੁਆਰ ਜੂੜਾ ਕਰ ਕੇ ਕੇਸਕੀ ਸਜਾਉਣੀ ਅਤੇ ਉਪਰੋਂ ਦੀ ਤਨ-ਢਕਵਾਂ ਦੁਪੱਟਾ ਲੈਣਾ ਅਤਿ ਜਰੂਰੀ ਹੈ । ਇਸ ਤਰ੍ਹਾਂ ਹੀ ਮੈਲੀਆਂ ਨਜ਼ਰਾਂ ਤੋਂ ਬਚਿਆ ਜਾ ਸਕਦਾ ਹੈ ।

ਕਈ ਮਾਪੇ ਆਪ ਤਾਂ ਕੇਸਕੀ ਸੰਯੁਕਤ ਰਹਿਤ-ਰਹਿਣੀ ਦੇ ਧਾਰਨੀ ਹੁੰਦੇ ਹਨ, ਪਰ ਆਪਣੇ ਛੋਟੇ ਬੱਚਿਆਂ ਦੇ ਸੀਸ ਦੇ ਕੇਸਾਂ ਤੇ ਰੰਗ ਬਰੰਗੇ ਰਿਬਨ ਪਾ ਕੇ ਕਈ ਤਰ੍ਹਾਂ ਦੇ ਬਣਾਉਟੀ ਸ਼ਿੰਗਾਰ ਕਰਦੇ ਹਨ ਅਤੇ ਚਟਕੀਲੇ ਮਟਕੀਲੇ ਬਸਤਰਾਂ ਨਾਲ ਸਜਾਂਦੇ ਹਨ । ਅਜਿਹੇ ਮਾਪੇ ਆਪ ਹੀ ਆਪਣੇ ਬੱਚਿਆਂ ਨੂੰ ਕੁਰਾਹੇ ਪਾਉਣ ਦੇ ਜ਼ਿਮੇਵਾਰ ਬਣਦੇ ਹਨ । ਬਚਪਨ ਦੀ ਸਿਖਲਾਈ ਬੱਚੇ ਦੇ ਮਨ ਉਤੇ ਡੂੰਘਾ ਨਕਸ਼ ਕਰ ਜਾਂਦੀ ਹੈ ਅਤੇ ਹੋਸ਼ ਸੰਭਾਲਣ ਤਕ ਬੱਚੇ ਦੇ ਮੁਢਲੇ ਸੰਸਕਾਰ, ਉਸ ਦੀ ਪੱਕੀ ਆਦਤ ਬਣ ਜਾਂਦੇ ਹਨ । ਵੱਡੇ ਹੋਣ ਤੇ ਮਾਪੇ ਭਾਵੇਂ ਲਖ ਵਰਜਣ, ਉਪਦੇਸ਼ ਕਰਨ ਅਤੇ ਗੁਰਮਤਿ ਵਲ ਤੋਰਨ ਦਾ ਜਤਨ ਕਰਨ, ਸਭ ਕੁਝ ਬੇਸੂਦ ਹੁੰਦਾ ਹੈ । ਉਨ੍ਹਾਂ ਦਾ ਕਹਿਣਾ ਕਹਾਣਾ ਕੋਈ ਅਸਰ ਨਹੀਂ ਕਰਦਾ । ਅਜਿਹੇ ਲੋਕੀ ਲੋਕ-ਲਾਜ ਵਿਚ ਫਸੇ ਹੋਏ ਲੋਕਾਚਾਰ ਅਪਣਾਉਂਦੇ ਹਨ ਅਤੇ ਲੋਕਾਚਾਰੀ ਦੀ ਰੀਸ ਘੜੀਸੇ ਆਪਣੇ ਬੱਚਿਆਂ ਦਾ ਭਵਿਖ ਵਿਗਾੜ ਲੈਂਦੇ ਹਨ । ਜਿਨ੍ਹਾਂ ਬੱਚਿਆਂ ਨੇ ਛੋਟੇ ਹੁੰਦਿਆਂ ਮਾਵਾਂ ਦੇ ਫੋਕੇ ਚਾਵਾਂ-ਮਲ੍ਹਾਰਾਂ ਵਿਚ ਪਰਵਿਸ਼ ਪਾਈ ਹੋਵੇ ਉਹ ਵਡੇ ਹੋ ਕੇ ਕਦ ਕੇਸਕੀ ਸੰਯੁਕਤ ਰਹਿਤ-ਰਹਿਣੀ ਨੂੰ ਅਪਣਾਂਦੇ ਹਨ । ਉਨ੍ਹਾਂ ਦੇ ਮਨ ਤਾਂ ਨਵੀਂ ਰੋਸ਼ਨੀ ਦੇ ਵਿਗਾੜ ਰਾਹੀਂ ਵਿਗੜ ਚੁਕੇ ਹੁੰਦੇ ਹਨ, ਸਾਦਗੀ ਦਾ ਪਹਿਰਾਵਾ ਉਨ੍ਹਾਂ ਨੂੰ ਬਹੁਤ ਘਟੀਆ ਤੇ ਨੀਵੇਂ ਦਰਜੇ ਦਾ ਜਾਪਦਾ ਹੈ ।

ਸੋ ਜੇ ਅਸੀਂ ਆਪਣੇ ਪੁਤਰਾਂ ਧੀਆਂ ਦਾ ਜੀਵਨ

[ਬਾਕੀ ਸਫ਼ਾ ੩੪ ਦੇ ਹੇਠ]


www.AKJ.Org

# ਇਹ ਮਨਮਤਿ— ਤਸਵੀਰਾਂ, ਫ਼ਿਲਮਾਂ ਤੇ ਨਾਟਕ

[ਵਲੋਂ—ਸ: ਅਮਰਜੀਤ ਸਿੰਘ ਜੀ ਡਰਾਫ਼ਟਸ ਮੈਨ]

ਸ਼ਰੋਮਣੀ ਗੁ: ਪ੍ਰ: ਕਮੇਟੀ ਦੇ ਮਾਸਕ ਪਤਰ 'ਗੁਰਦੁਆਰਾ ਗਜ਼ਟ' ਅਪ੍ਰੈਲ ੧੯੭੫ ਵਿਚ ਪੰਨਾ ੯ ਤੇ ਹੇਠ ਲਿਖਿਆ ਸਰਕੂਲਰ ਛਾਪਿਆ ਗਿਆ ਹੈ :—

### ਤਸਵੀਰਾਂ ਗੁਰੂ ਸਾਹਿਬਾਨ

ਗੁਰਦੁਆਰਾ ਸਾਹਿਬਾਨ ਸੈਕਸ਼ਨ ੮੫ ਤੇ ੮੭ ਵਿਖੇ ਗੁਰੂ ਸਾਹਿਬਾਨ ਦੇ ਗੁਰਪੁਰਬ ਅਤੇ ਹੋਰ ਦਿਨ ਦਿਹਾੜੇ ਸਿੱਖ ਸੰਗਤਾਂ ਬੜੇ ਉਤਸ਼ਾਹ ਤੇ ਪ੍ਰੇਮ-ਪੂਰਬਕ ਮਨਾਉਂਦੀਆਂ ਹਨ ਅਤੇ ਇਹਨਾਂ ਦਿਨਾਂ ਤੇ ਗੁ: ਸਾਹਿਬਾਨ ਦੇ ਪ੍ਰਬੰਧਕਾਂ ਵਲੋਂ ਬਿਜਲੀ ਆਦਿਕ ਦੀ ਸਜਾਵਟ ਦੀ ਵਧ ਚੜ੍ਹ ਕੇ ਕੀਤੀ ਜਾਂਦੀ ਹੈ, ਪਰੰਤੂ ਹੁਣ ਇਹ ਆਮ ਵੇਖਣ ਵਿਚ ਆਇਆ ਹੈ ਕਿ ਬਿਜਲੀ ਦੀ ਸਜਾਵਟ ਸਮੇਂ ਗੁ: ਸਾਹਿਬਾਨ ਦੀਆਂ ਇਮਾਰਤਾਂ ਆਦਿਕ ਪੁਰ ਗੁਰੂ ਸਾਹਿਬਾਨ ਦੀਆਂ ਤਸਵੀਰਾਂ ਲਗਵਾਈਆਂ ਜਾਂਦੀਆਂ ਹਨ ਅਤੇ ਕਈ ਥਾਈਂ ਤਸਵੀਰਾਂ ਦੇ ਪਿਛਲੇ ਪਾਸੇ ਬਿਜਲੀ ਦੀ ਮੋਟਰ ਫ਼ਿਟ ਕਰਕੇ ਚਲਦੀਆਂ ਤਸਵੀਰਾਂ ਵਿਖਾਈਆਂ ਜਾਂਦੀਆਂ ਹਨ। ਆਮ ਸਿਖ ਸੰਗਤਾਂ ਵਲੋਂ ਇਸ ਗੱਲ ਤੇ ਭਾਰੀ ਇਤਰਾਜ਼ ਕੀਤਾ ਜਾ ਰਿਹਾ ਹੈ ਅਤੇ ਇਹ ਇਕ ਨਵੀਂ ਮਨਮਤਿ ਅਰੰਭ ਹੋ ਰਹੀ ਹੈ। ਇਸ ਨੂੰ ਤੁਰਤ ਰੋਕਣਾ ਅਤਿ ਜ਼ਰੂਰੀ ਹੈ। ਸੋ ਇਸ ਸਰਕੂਲਰ ਰਾਹੀਂ ਤਾਕੀਦ ਕੀਤੀ ਜਾਂਦੀ ਹੈ ਕਿ ਅਗੋਂ ਗੁਰਪੁਰਬਾਂ ਆਦਿਕ ਸਮੇਂ ਬਿਜਲੀ ਦੀ ਸਜਾਵਟ ਕਰਦਿਆਂ ਗੁਰਦੁਆਰਾ ਸਾਹਿਬਾਨ ਵਿਖੇ ਗੁਰੂ ਸਾਹਿਬਾਨ ਦੀਆਂ ਤਸਵੀਰਾਂ ਨਾ ਲਗਾਈਆਂ ਜਾਣ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਲਈ ਵਧ ਤੋਂ ਵਧ ਸਤਿਕਾਰ ਕਾਇਮ ਕੀਤਾ ਜਾਵੇ।

ਇਸ ਦਫ਼ਤਰ ਦੇ ਨੋਟਿਸ ਵਿਚ ਇਹ ਭੀ ਲਿਆਂਦਾ ਗਿਆ ਹੈ ਕਿ ਗੁਰਦੁਆਰਾ ਸਾਹਿਬਾਨ ਦੀਆਂ ਦੀਵਾਰਾਂ ਪੁਰ ਗੁਰੂ ਸਾਹਿਬਾਨ ਦੀਆਂ ਤਸਵੀਰਾਂ ਲਟਕਾਈਆਂ ਜਾਂਦੀਆਂ ਹਨ ਅਤੇ ਉਨ੍ਹਾਂ ਤਸਵੀਰਾਂ ਨੂੰ ਮੱਥੇ ਟੇਕੇ ਜਾਂਦੇ ਹਨ ਅਰ ਫੁਲਾਂ ਦੇ ਸੇਹਰੇ ਚੜ੍ਹਾਏ ਜਾਂਦੇ ਹਨ। ਇਹ ਭੀ ਗੁਰ ਰੀਤੀ ਤੇ ਮਰਯਾਦਾ ਦੇ ਉਲਟ ਹੈ। ਜੁਗੋ ਜੁਗ ਅਟੱਲ ਚਵਰ ਤਖ਼ਤ ਦੇ ਮਾਲਕ ਸ੍ਰੀ ਗੁਰੂ ਗ੍ਰੰਥ ਸਾਹਿਬ ਤੋਂ ਇਲਾਵਾ ਇਸ ਤਰ੍ਹਾਂ ਤਸਵੀਰਾਂ ਪੁਰ ਸੇਹਰੇ ਚਾੜ੍ਹਨੇ ਜਾਂ ਮੱਥੇ ਟੇਕਣੇ ਗੁਰਮਤਿ ਵਿਰੁੱਧ ਹਨ ਅਤੇ ਅਜਿਹਾ ਕਰਨ ਨਾਲ ਤਸਵੀਰ-ਪ੍ਰਸਤੀ ਨੂੰ ਸ਼ਹਿ ਮਿਲਦੀ ਹੈ, ਇਸ ਲਈ ਇਸ ਮਨਮਤਿ ਨੂੰ ਭੀ ਰੋਕਿਆ ਜਾਵੇ।

ਸਹੀ—ਮਹਿੰਦਰ ਸਿੰਘ ਗਿਆਨੀ

ਸਕੱਤਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ

ਉਪਰਲੇ ਸਰਕੂਲਰ ਰਾਹੀਂ ਮਨਮਤਿ ਨੂੰ ਰੋਕਣ ਦੀ ਜੋ ਤਾਕੀਦ ਕੀਤੀ ਗਈ ਹੈ ਉਹ ਪ੍ਰਸ਼ੰਸਾ ਯੋਗ ਹੈ। ਪਰੰਤੂ ਇਸ ਸਰਕੂਲਰ ਤੋਂ ਇਹ ਗੱਲ ਸਪੱਸ਼ਟ ਨਹੀਂ ਹੁੰਦੀ ਕਿ ਗੁਰਦੁਆਰਾ ਸਾਹਿਬਾਨ ਵਿਖੇ ਤਸਵੀਰਾਂ ਰਖੀਆਂ ਜਾਂ ਲਟਕਾਈਆਂ ਜਾਣੀਆਂ ਵੀ ਮਨਮਤਿ ਵਿਚ ਸ਼ਾਮਲ ਹੈ ਜਾਂ ਨਹੀਂ? ਕਿਉਂਕਿ ਇਸੇ "ਗੁਰਦੁਆਰਾ ਗਜ਼ਟ" ਵਿਚ "ਜ਼ਰੂਰੀ ਸੂਚਨਾ" ਦੇ ਸਿਰਲੇਖ ਹੇਠ ਕਈ ਮਹੀਨਿਆਂ ਤੋਂ ਲਗਾਤਾਰ ਇਕ ਇਸ਼ਤਿਹਾਰ ਛਾਪਿਆ ਜਾ ਰਿਹਾ ਹੈ ਜੋ ਇਸ ਤਰ੍ਹਾਂ ਹੈ :—

---

[ ਸਫ਼ਾ ੩੩ ਦੀ ਬਾਕੀ ]

ਉਚਾ ਦੇਖਣਾ ਚਾਹੁੰਦੇ ਹਾਂ ਤਾਂ ਇਸ ਗੱਲ ਦੀ ਡਾਢੀ ਲੋੜ ਹੈ ਕਿ ਬਚਪਨ ਤੋਂ ਹੀ ਉਨ੍ਹਾਂ ਨੂੰ ਗੁਰਮਤਿ ਰਹਿਤ ਰਹਿਣੀ ਵਿਚ ਰਖ ਕੇ ਗੁਰਮਤਿ-ਸਿਖਿਆ ਦ੍ਰਿੜ੍ਹਾਈ ਜਾਵੇ ਅਤੇ ਚੰਚਲਤਾਈ ਵਾਲੇ ਪਹਿਰਾਵੇ ਤੇ ਮਨਮਤੀ ਸਿਖਿਆ ਤੋਂ ਬਚਾ ਕੇ ਰਖਿਆ ਜਾਵੇ। ਅਜਿਹੇ ਮਾਹੌਲ ਵਿਚ ਪਲੇ ਹੋਏ ਬੱਚਿਆਂ ਦਾ ਵਡਿਆਂ ਹੋ ਕੇ ਡਿਗਣ ਡੋਲਣ ਦਾ ਘਟ ਹੀ ਖ਼ਤਰਾ ਹੁੰਦਾ ਹੈ। ਬਸ ਫ਼ਰਜ਼ ਬਣਦਾ ਹੈ ਜਿਥੇ ਅਸਾਂ ਆਪਣੀ ਰਹਿਤ ਰਹਿਣੀ ਦੀ ਪਰਪਕਤਾ ਦਾ ਖ਼ਿਆਲ ਰਖਣਾ ਹੈ ਉਥੇ ਆਪਣੇ ਬੱਚਿਆਂ ਦੇ ਭਵਿਖਤ ਨੂੰ ਵਿਗੜਨ ਤੋਂ ਰੋਕਣ ਲਈ, ਮੁਢ ਤੋਂ ਹੀ ਉਪਰੋਕਤ ਰਹਿਤ ਰਹਿਣੀ ਵਿਚ ਉਨ੍ਹਾਂ ਨੂੰ ਪਰਪਕ ਕਰਨਾ ਅਤਿ ਲੋੜੀਂਦਾ ਹੈ।



www.AKJ.Org

"ਸਮੂੰਹ ਸੰਗਤਾਂ ਦੀ ਗਿਆਤ ਹਿਤ ਬਿਨੈ ਹੈ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਦੀ ਹੱਥ ਵਾਲੀ ਤਸਵੀਰ ਧਰਮ ਪ੍ਰਚਾਰ ਕਮੇਟੀ (ਸ਼੍ਰੋ: ਕਮੇਟੀ) ਵਲੋਂ ਮੁੜ ਪ੍ਰਕਾਸ਼ਤ ਕਰਵਾਈ ਜਾ ਚੁਕੀ ਹੈ ਅਤੇ ਇਕ ਕਾਪੀ ਦੀ ਭੇਟਾ ਪੰਜ ਰੁਪਏ ਰਖੀ ਗਈ ਹੈ। ੧੦੦) ਤੋਂ ਵਧ ਦੀਆਂ ਕਾਪੀਆਂ ਖ਼ਰੀਦਣ ਵਾਲੇ ਵਿਅਕਤੀ ਨੂੰ ੨੦ ਪ੍ਰਤੀਸ਼ਤ ਕਮੀਸ਼ਨ ਦਿਤਾ ਜਾਵੇਗਾ। ਸੋ ਸਮੂੰਹ ਤਸਵੀਰਾਂ ਵੇਚਣ ਵਾਲਿਆਂ ਪ੍ਰਤੀ ਬੇਨਤੀ ਹੈ ਕਿ ਤਸਵੀਰ ਉਪਰ ਛਪੇ ਅਨੁਸਾਰ ਪੰਜ ਰੁਪਏ ਪ੍ਰਤੀ ਤਸਵੀਰ ਦੇ ਹਿਸਾਬ ਹੀ ਸੰਗਤਾਂ ਪਾਸ ਵੇਚਣ ਅਤੇ ਇਸ ਤੋਂ ਵਧ ਭੇਟਾ ਵਸੂਲ ਨਾ ਕਰਨ।"

ਅਸੀਂ ਪੁਛਦੇ ਹਾਂ ਕਿ ਜਦ ਸਿਖ ਪੰਥ ਬੁਤ-ਪੂਜ ਜਾਂ ਤਸਵੀਰ-ਪ੍ਰਸਤ ਨਹੀਂ ਤਾਂ ਗੁਰੂ ਸਾਹਿਬਾਨ ਦੀਆਂ ਫ਼ਰਜ਼ੀ ਤਸਵੀਰਾਂ ਬਣਾ ਕੇ ਵਿਕਰੀ ਕਰਨ ਤੇ ਸ਼੍ਰੋ: ਕਮੇਟੀ ਇਤਨਾ ਵਿਅਰਥ ਪਰੀਸ਼ਰਮ ਕਿਉਂ ਕਰ ਰਹੀ ਹੈ? ਸ਼੍ਰੋ: ਕਮੇਟੀ ਆਪ ਹੀ ਤਸਵੀਰ-ਪ੍ਰਸਤੀ ਨੂੰ ਸ਼ਹਿ ਦੇ ਰਹੀ ਹੈ। ਤਸਵੀਰਾਂ ਨੂੰ ਮੱਥੇ ਟੇਕਣੇ ਤੇ ਸੇਹਰੇ ਪਾਉਣੇ ਜਾਂ ਧੂਪ ਧੁਖਾਉਣੇ ਤਾਂ ਮਨਮਤਿ ਹੈ ਹੀ। ਗੁਰਦੁਆਰਾ ਸਾਹਿਬਾਨ ਵਿਖੇ ਗੁਰੂ ਸਾਹਿਬਾਨ ਦੀਆਂ ਜਾਂ ਕਿਸੇ ਵੀ ਵਿਅਕਤੀ ਦੀਆਂ ਤਸਵੀਰਾਂ ਸਜਾਵਟ ਲਈ ਰਖਣੀਆਂ ਜਾਂ ਦੀਵਾਰਾਂ ਤੇ ਲਟਕਾਈਆਂ ਜਾਣੀਆਂ ਵੀ ਗੁਰਮਤਿ ਨਹੀਂ ਹੈ।

ਉਪਰਲੇ ਸਰਕੂਲਰ ਵਿਚ ਤਾਕੀਦ ਕੀਤੀ ਗਈ ਹੈ ਕਿ "ਗੁਰਪੁਰਬਾਂ ਆਦਿਕ ਸਮੇਂ ਬਿਜਲੀ ਦੀ ਸਜਾਵਟ ਕਰਦਿਆਂ ਗੁਰਦੁਆਰਾ ਸਾਹਿਬਾਨ ਵਿਖੇ ਗੁਰੂ ਸਾਹਿਬਾਨ ਦੀਆਂ ਤਸਵੀਰਾਂ ਨਾ ਲਗਾਈਆਂ ਜਾਣ।" ਕੀ ਬਾਕੀ ਸਮੇਂ ਗੁਰਦੁਆਰਾ ਸਾਹਿਬਾਨ ਵਿਖੇ ਤਸਵੀਰਾਂ ਰਖੀਆਂ ਜਾਂ ਲਟਕਾਈਆਂ ਜਾਣੀਆਂ ਠੀਕ ਹੈ?

ਅਸਲ ਵਿਚ ਸ਼੍ਰੋ: ਕਮੇਟੀ ਨੇ ਹੀ ਇਸ ਮਨਮਤਿ ਨੂੰ ਫ਼ਿਲਮਾਂ ਬਣਾਉਣ ਦੀ ਇਜਾਜ਼ਤ ਦੇ ਕੇ ਤੇ ਸ੍ਰੀ ਦਰਬਾਰ ਸਾਹਿਬ ਵਿਚ ਫ਼ਿਲਮੀ ਸੂਟਿੰਗ ਕਰਾ ਕੇ ਹੋਰ ਵੀ ਜ਼ਿਆਦਾ ਪ੍ਰਚਲਤ ਕੀਤਾ ਹੈ। ਜੇਕਰ ਸਜਾਵਟ ਲਈ ਗੁਰੂ ਸਾਹਿਬਾਨ ਦੀਆਂ ਤਸਵੀਰਾਂ ਬਿਜਲੀ ਦਵਾਰਾ ਚਲਾ ਕੇ ਵਿਖਾਉਣੀਆਂ ਸਰਾਸਰ ਮਨਮਤਿ ਹੈ ਤਾਂ ਕੀ ਸ੍ਰੀ ਦਰਬਾਰ ਸਾਹਿਬ ਅੰਦਰ ਹੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀਆਂ ਫ਼ੋਟੂਆਂ ਖਿਚਣੀਆਂ ਤੇ ਸਿਨਮੇ ਦੀ ਸਕਰੀਨ ਤੇ ਵਿਖਾਉਣੀਆਂ ਮਨਮਤਿ ਨਹੀਂ ਹੈ?

ਇਹ ਠੀਕ ਹੈ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਤੋਂ ਇਲਾਵਾ ਤਸਵੀਰਾਂ ਪੁਰ ਸੇਹਰੇ ਚਾਹੜਨੇ ਤੇ ਮੱਥੇ ਟੇਕਣੇ ਗੁਰਮਤਿ ਵਿਰੁੱਧ ਹਨ, ਅਜਿਹਾ ਕਰਨ ਨਾਲ ਤਸਵੀਰ-ਪ੍ਰਸਤੀ ਨੂੰ ਸ਼ਹਿ ਮਿਲਦੀ ਹੈ। ਇਸੇ ਤਰ੍ਹਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਵਿਚ ਕਿਸੇ ਵਿਅਕਤੀ ਨੂੰ ਸੇਹਰੇ ਪਾਉਣੇ ਕੀ ਮਨੁੱਖ-ਪ੍ਰਸਤੀ ਨਹੀਂ ਹੈ? ਗੁਰਦੁਆਰਾ ਸਾਹਿਬ ਦੇ ਅੰਦਰ ਆ ਕੇ ਮੱਥਾ ਟੇਕਣ ਵਾਲਾ ਅਮੀਰ ਤੇ ਗ਼ਰੀਬ ਸਭ ਬਰਾਬਰ ਹਨ। ਰਾਜਸੀ ਲੀਡਰਾਂ, ਅਫ਼ਸਰਾਂ ਜਾਂ ਮਾਇਆ-ਧਾਰੀਆਂ ਨੂੰ ਸੰਗਤ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਵਿਚ ਸੇਹਰੇ ਪਾਉਣ ਤੇ ਸਿਰੋਪਾ ਦੇਣ ਦੀ ਮਨਮਤਿ ਸਾਡੇ ਸਵਾਰਥੀ ਆਗੂਆਂ ਦੀ ਕਿਰਪਾ ਨਾਲ, ਤਕਰੀਬਨ ਸਾਰੀਆਂ ਸਿੰਘ-ਸਭਾਵਾਂ ਵਿਚ ਪ੍ਰਚਲਤ ਹੋ ਚੁਕੀ ਹੈ।

ਉਪਰੋਕਤ ਸਰਕੂਲਰ ਦੀ ਇਹ ਪੰਕਤੀ ਕਿ "ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਲਈ ਵਧ ਤੋਂ ਵਧ ਸਤਿਕਾਰ ਕਾਇਮ ਕੀਤਾ ਜਾਵੇ।" ਇਸ ਲਈ ਪਰਮ ਜ਼ਰੂਰੀ ਹੈ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀਆਂ ਬੀੜਾਂ ਦੀ ਛਪਵਾਈ ਆਮ ਦੁਕਾਨਦਾਰਾਂ ਪਾਸੋਂ ਬਿਲਕੁਲ ਬੰਦ ਕੀਤੀ ਜਾਵੇ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਰੂਪ ਨੂੰ ਵੇਚਿਆ ਜਾਣਾ ਵੀ ਕਾਨੂੰਨਨ ਬੰਦ ਕੀਤਾ ਜਾਵੇ। ਤਖ਼ਤ ਸਾਹਿਬਾਨ ਵਿਖੇ ਤਖ਼ਤ ਸਾਹਿਬ ਦੇ ਥਾਂ ਪੁਰ ਹੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਕੀਤਾ ਜਾਣਾ ਚਾਹੀਦਾ ਹੈ। ਤਖ਼ਤ ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ ਵਿਖੇ, ਖ਼ਾਸ ਦਸਮ ਪਾਤਸ਼ਾਹ ਜੀ ਦੇ ਜਨਮ-ਅਸਥਾਨ ਤੇ, ਜਿਥੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਕੀਤਾ ਜਾਂਦਾ ਹੈ ਉਥੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅੱਗੇ ਇਕ ਵਡੀ ਤਸਵੀਰ, ਜੋ ਦਸਮ ਪਾਤਸ਼ਾਹ ਜੀ ਦੀ ਉਸ ਵੇਲੇ ਦੀ ਦਸੀ ਜਾਂਦੀ ਹੈ, ਰਖ ਦਿਤੀ ਜਾਂਦੀ ਹੈ। ਦਰਸ਼ਨੀ ਦਰਵਾਜ਼ੇ ਤੋਂ ਆ ਕੇ ਮੱਥਾ ਟੇਕਣ ਵਾਲੇ ਨੂੰ ਤਖ਼ਤ ਸਾਹਿਬ ਤੇ ਤਸਵੀਰ ਦੇ ਹੀ ਦਰਸ਼ਨ ਹੁੰਦੇ ਹਨ (ਮੁਗ਼ਲ ਬਾਦਸ਼ਾਹਾਂ ਦੀਆਂ ਪਾਈਆਂ ਜਾਂਦੀਆਂ ਤਸਵੀਰਾਂ ਵਾਂਗੂ ਇਸ ਤਸਵੀਰ ਵਿਚ ਵੀ ਦਾੜ੍ਹਾ ਉਸੇ ਤਰ੍ਹਾਂ ਮੁਸਲਮਾਨਾਂ ਵਾਂਗ ਕਟਿਆ ਹੋਇਆ


www.AKJ.Org

ਲਗਦਾ ਹੈ)। ਜਦੋਂ ਹੈਡ ਗ੍ਰੰਥੀ ਸਾਹਿਬ ਜੀ ਹੁਕਮਨਾਮਾ ਲੈਂਦੇ ਹਨ ਉਸ ਸਮੇਂ ਤਸਵੀਰ ਨੂੰ ਇਕ ਪਾਸੇ ਸਰਕਾਇਆ ਜਾਂਦਾ ਹੈ ਤਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਦਰਸ਼ਨ ਹੁੰਦੇ ਹਨ। ਸੋ ਤਖਤ ਸਾਹਿਬਾਨ ਤੋਂ ਪਹਿਲਾਂ ਮਨਮਤਿ ਦੂਰ ਕਰਨੀ ਚਾਹੀਦੀ ਹੈ।

ਸ਼੍ਰੋ: ਕਮੇਟੀ ਜੇਕਰ ਸਚਮੁਚ ਤਸਵੀਰ-ਪੂਜਾ, ਮਨੁੱਖ-ਪ੍ਰਸਤੀ ਨੂੰ ਸਿਖ ਕੌਮ ਵਿਚੋਂ ਦੂਰ ਕਰ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ ਦਾ ਸਰਬ-ਉੱਚ ਸਨਮਾਨ ਕਾਇਮ ਰਖਣਾ ਚਾਹੁੰਦੀ ਹੈ ਤਾਂ ਸਭ ਤੋਂ ਪਹਿਲਾਂ ਉਸ ਨੂੰ ਆਪ ਤਸਵੀਰਾਂ ਬਣਾਉਣੀਆਂ ਤੇ ਵੇਚਣੀਆਂ ਬੰਦ ਕਰਨੀਆਂ ਚਾਹੀਦੀਆਂ ਹਨ। ਗੁਰਦੁਆਰਾ ਸਾਹਿਬਾਨ ਅੰਦਰ ਫੋਟੂਆਂ ਖਿਚਣੀਆਂ ਖਿਚਵਾਉਣੀਆਂ ਅਤੇ ਧਰਮ ਪ੍ਰਚਾਰ ਦੇ ਨਾਂ ਹੇਠ ਫ਼ਿਲਮਾਂ ਬਣਾ ਕੇ ਵਿਖਾਉਣ ਦੀ ਜੋ ਪਰਪਾਟੀ ਸਿਖ ਕੌਮ ਅੰਦਰ ਸ਼੍ਰੋ: ਕਮੇਟੀ ਨੇ ਚਲਾਈ ਹੈ ਇਸ ਘੋਰ ਮਨਮਤਿ ਨੂੰ ਪੂਰਨ ਤੌਰ ਤੇ ਬੰਦ ਕੀਤਾ ਜਾਣਾ ਅਤਿ ਜ਼ਰੂਰੀ ਹੈ। ਮੁਸਲਮਾਨ ਇਸ ਗੱਲੋਂ ਪ੍ਰਸੰਸਾ ਦੇ ਪਾਤਰ ਹਨ ਕਿ ਉਹਨਾਂ ਦੇ ਪੈਗੰਬਰ ਮੁਹੰਮਦ ਸਾਹਿਬ ਦੀ ਕੋਈ ਤਸਵੀਰ ਬਣੀ ਨਹੀਂ ਦੇਖੀ ਜਾਂਦੀ ਅਤੇ ਨਾ ਹੀ ਉਨ੍ਹਾਂ ਨੇ ਕਦੇ ਕਿਸੇ ਨੂੰ ਆਪਣੇ ਧਰਮ ਸੰਬੰਧੀ ਕਿਸੇ ਫ਼ਿਲਮ ਨੂੰ ਬਣਾਉਣ ਦੀ ਇਜਾਜ਼ਤ ਅਜ ਤਕ ਦਿਤੀ ਹੈ। ਸਿਖ ਪੰਥ ਅੰਦਰ ਧਰਮ ਪ੍ਰਚਾਰ ਦੇ ਬਹਾਨੇ ਨਾਟਕ ਖੇਡਣੇ, ਸਲਾਈਡਾਂ ਵਿਖਾਉਣੀਆਂ ਵੀ ਮਨਮਤਿ ਹੈ, ਇਹਨਾਂ ਉਤੇ ਵੀ ਸਦਾ ਲਈ ਪਾਬੰਦੀ ਲਾ ਦਿਤੀ ਜਾਵੇ।

---

## ਗੁਰਦੁਆਰਾ ਰਾਮਪੁਰ ਖੇੜਾ ਵਿਖੇ ਨਾਮ ਅਭਿਆਸ ਕਮਾਈ ਸਮਾਗਮ

### ੯ ਜੁਲਾਈ ਐਤਵਾਰ ਤੋਂ ੧੩ ਜੁਲਾਈ ਐਤਵਾਰ ਤਕ

ਪਿਛਲੇ ਸਾਲਾਂ ਵਾਂਗ ਗੁਰਦੁਆਰਾ ਸਾਹਿਬ ਵਿਖੇ ਨਾਮ ਅਭਿਆਸ ਕਮਾਈ ਸਮਾਗਮ ਹੇਠ ਲਿਖੇ ਪ੍ਰੋਗਰਾਮ ਅਨੁਸਾਰ ੯ ਤੋਂ ੧੩ ਜੁਲਾਈ ਤਕ ਹੋ ਰਹੇ ਹਨ। ਨਾਮ ਰਸੀਏ ਵੀਰ ਭੈਣਾਂ ਇਸ ਸਮਾਗਮ ਵਿਚ ਆਇ ਜੁੜੋ ਜੀ ਤਾਂ ਜੁ ਰਲ ਮਿਲ ਕੇ ਸਤਿਗੁਰੂ ਜੀ ਦੀ ਗੋਦ ਵਿਚ ਬੈਠ, ਨਾਮ ਬਾਣੀ ਦਾ ਰਸ ਮਾਣੀਏ ਅਤੇ ਪਿਉ ਦਾਦੇ ਦੇ ਅਮੋਲਕ ਵਿਰਸੇ ਤੋਂ ਲਾਭ ਉਠਾ ਕੇ ਜਨਮ ਸਫਲਾ ਕਰੀਏ।

ਅੰਮ੍ਰਿਤ ਵੇਲਾ—੨-੦੦ ਤੋਂ ੩-੪੫ ਇਸ਼ਨਾਨ ਤੇ ਨਿਤਨੇਮ (ਨਿਜੀ) ੩-੪੫ ਤੋਂ ੪-੦੦ ਬਨਫ਼ਸ਼ਾ
੪-੦੦ ਤੋਂ ੫-੧੫ ਪ੍ਰਕਾਸ਼ ਤੇ ਨਾਮ ਅਭਿਆਸ ਗੁਪਤ (ਸੰਗਤੀ) ੫-੧੫ ਤੋਂ ੭-੧੫ ਕੀਰਤਨ ਆਸਾ ਦੀ ਵਾਰ
੭-੧੫ ਤੋਂ ੮-੦੦ ਹੁਕਮਨਾਮੇ ਦੀ ਵੀਚਾਰ ਤੇ ਅਰਦਾਸ ੮-੦੦ ਤੋਂ ੧੦-੦੦ ਅਲਪ ਅਹਾਰ ਤੇ ਬਿਸ੍ਰਾਮ
ਦੁਪਹਿਰ—੧੦-੦੦ ਤੋਂ ੧੧-੩੦ ਸੁਖਮਨੀ ਸਾਹਿਬ ਜੋਟੀਆਂ ਵਿਚ ੧੧-੩੦ ਤੋਂ ੧੨-੩੦ ਕਥਾ ਸ੍ਰੀ ਗੁਰੂ ਗ੍ਰੰਥ ਸਾਹਿਬ
੧੨-੩੦ ਤੋਂ ੩-੩੦ ਅਲਪ ਅਹਾਰ ਤੇ ਬਿਸਰਾਮ ੩-੩੦ ਤੋਂ ੪-੦੦ ਬਨਫ਼ਸ਼ਾ
ਸ਼ਾਮ—੪-੦੦ ਤੋਂ ੫-੦੦ ਨਾਮ ਅਭਿਆਸ ਗੁਪਤ (ਸੰਗਤੀ) ੫-੦੦ ਤੋਂ ੭-੪੫ ਕੀਰਤਨ, ਸੋਦਰ ਆਰਤੀ ਤੇ ਅਰਦਾਸ
੭-੪੫ ਤੋਂ ੮-੦੦ ਸੁਖਆਸਣ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ
੮-੦੦ ਤੋਂ ੯-੩੦ ਅਲਪ ਅਹਾਰ ਤੇ ਨਿਜੀ ਨਾਮ ਅਭਿਆਸ ਗੁਪਤ

ਨੋਟ:—੧. ਇਕਾਂਤ ਨੂੰ ਭੰਗ ਕਰਨ ਵਾਲਿਆਂ ਬੱਚਿਆਂ ਨੂੰ ਲਿਆਉਣ ਤੋਂ ਪੂਰਾ ਸੰਕੋਚ ਕੀਤਾ ਜਾਏ।
੨. ਦਸੂਹਾ ਹੁਸ਼ਿਆਰਪੁਰ ਰੋਡ ਤੇ ਗੜ੍ਹਦੀਵਾਲਾ ਬਸ ਸਟੈਂਡ ਦੇ ਨੇੜੇ ਪਿੰਡ ਗੋਂਦਪੁਰ ਉਤਰੋ ਜੀ।

ਗੁਰੂ ਪੰਥ ਦਾ ਦਾਸਨ ਦਾਸ ਹਰਨਾਮ ਸਿੰਘ, ਗੁਰਦੁਆਰਾ ਰਾਮਪੁਰ ਖੇੜਾ, ਡਾਕਖਾਨਾ ਗੜ੍ਹਦੀਵਾਲਾ ਜ਼ਿਲਾ ਹੁਸ਼ਿਆਰਪੁਰ।

---

## ਭਾਈ ਸਾਹਿਬ ਸੂਰਤ ਸਿੰਘ ਜੀ (ਪੂਰਨ ਜੀ) ਦਿਲੀ ਤੋਂ ਕਲਕਤਾ

ਗੁਰਮੁਖ ਵੀਰ ਪੂਰਨ ਜੀ ਅਤੇ ਬੀਬੀ ਭੁਪਿੰਦਰ ਕੌਰ ਜੀ ਗੁਰੂ ਕੇ ਕੀਰਤਨੀਏ ਦਿਲੀ ਤੋਂ ਤਬਦੀਲ ਹੋ ਗਏ ਹਨ। ਗੁਰਸਿਖ ਸੰਗਤਾਂ ਲੋੜ ਪੈਣ ਤੇ ਮਾਰਫਤ ਸ: ਰਣਜੋਧ ਸਿੰਘ ਜੀ, ੧੧੩/੫-ਏ, ਹਜ਼ਰਾ ਰੋਡ ਕਲਕਤਾ-੨੯ ਤੇ ਚਿਠੀ ਪੱਤਰ ਕਰਨ।

www.AKJ.Org

# ਮਾਸ ਨਿਸ਼ੇਧ

[ ਵਲੋਂ—ਸ: ਗੁਰਮੀਤ ਸਿੰਘ ਜੀ, ਡਲਹੌਜ਼ੀ ]

ਦਇਆ ਜਾਣੈ ਜੀਅ ਕੀ, ਕਿਛੁ ਪੁੰਨੁ ਦਾਨੁ ਕਰੇਇ ॥

[ਆਸਾ ਦੀ ਵਾਰ, ਪੰਨਾ ੪੬੮

ਕੁੱਠਾ ਹੁੱਕਾ ਚਰਸ ਤਮਾਕੂ। ਗਾਂਜਾ ਟੋਪੀ ਤਾੜੀ ਖਾਕੂ। ਇਨਕੀ ਓਰ ਨ ਕਬਹੂੰ ਦੇਖੈ। ਰਹਿਤਵੰਤ ਸੋ ਸਿੰਘ ਵਿਸੇਖੈ ।

[ਰਹਿਤਨਾਮਾ ਭਾਈ ਦੇਸਾ ਸਿੰਘ ਜੀ

**ਕੁੱਠਾ ਤੇ ਝਟਕਾ —**

ਇਹ ਗੱਲ ਸਮੁੱਚੇ ਖ਼ਾਲਸਾ ਪੰਥ ਵਿਚ ਪ੍ਰਵਾਨ ਹੈ ਕਿ ਕੁੱਠਾ ਖਾਣਾ ਚਾਰ ਬੱਜਰ ਕਰਹਿਤਾਂ ਵਿਚੋਂ ਇਕ ਹੈ । ਇਨ੍ਹਾਂ ਚਾਰ ਬੱਜਰ ਕੁਰਹਿਤਾਂ ਵਿਚੋਂ ਇਕ ਬੱਜਰ ਕੁਰਹਿਤ ਭੀ ਹੋ ਜਾਣ ਨਾਲ ਸਿੰਘ ਗੁਰਸਿਖੀ ਤੋਂ ਖਾਰਜ ਹੋ ਜਾਂਦਾ ਹੈ ।

ਭਾਵੇਂ ਕੁੱਠਾ ਖਾਣਾ ਤਾਂ ਸਮੁੱਚਾ ਖ਼ਾਲਸਾ ਪੰਥ ਬੱਜਰ ਕੁਰਹਿਤ ਮੰਨਦਾ ਹੈ, ਪਰ ਪੰਥ ਵਿਚੋਂ ਹੀ ਕੁਝ ਹਿੱਸਾ ਮਾਸ ਨੂੰ ਦੋ ਭਾਗਾਂ (ਕੁੱਠਾ ਤੇ ਝਟਕਾ) ਵਿਚ ਵੰਡ ਕੇ ਝਟਕਾ ਖਾਣ ਨੂੰ ਵਾਜਿਬ ਮੰਨਣ ਲਗ ਪਿਆ ਹੈ। ਹੁਣ ਵਿਚਾਰਨ ਯੋਗ ਗੱਲ ਇਹ ਹੈ ਕਿ ਕੁੱਠੇ ਤੇ ਝਟਕੇ ਵਿਚ ਕੀ ਭੇਦ ਹੈ। ਇਹ ਗੱਲ ਤਾਂ ਪ੍ਰਤੱਖ ਹੈ ਕਿ ਕੁੱਠੇ ਦਾ ਜ਼ਿਕਰ ਗੁਰਬਾਣੀ ਤੇ ਭਾਈ ਗੁਰਦਾਸ ਜੀ ਵਿਚ ਕਈ ਥਾਈਂ ਆਇਆ ਹੈ, ਯਥਾ :—

ਅਭਾਖਿਆ ਕਾ ਕੁਠਾ ਬਕਰਾ ਖਾਣਾ ॥

[ਆਸਾ ਦੀ ਵਾਰ, ਪੰਨਾ ੪੭੨

ਕੁਹਿ ਬਕਰਾ ਰਿੰਨਿ੍ ਖਾਇਆ, ਸਭੁ ਕੋ ਆਖੈ ਪਾਇ ॥

[ਆਸਾ ਦੀ ਵਾਰ, ਪੰਨਾ ੪੭੧

ਅਕ ਧਤੂਰਾ ਖਾਧਿਆਂ, ਕੁਹਿ ਕੁਹਿ ਖਲ ਉਖਲਿ ਵਣਸੀ ॥ [ਵਾਰ ੨੫, ਪਉੜੀ ੧੭

ਕੁਹੈ ਕਸਾਈ ਬਕਰੀ, ਲਾਇ ਲੂਣ ਸੀਖ ਮਾਸ ਪਰੋਆ ॥ [ਵਾਰ ੩੭, ਪਉੜੀ ੨੧

ਉਪਰੋਕਤ ਪੰਕਤੀਆਂ ਤੋਂ ਸਿਧ ਹੁੰਦਾ ਹੈ ਕਿ ਕੁਹਣਾ ਕਿਰਿਆ (Verb) ਹੈ, ਜਿਸ ਦਾ ਭਾਵ ਮਾਰਨਾ ਹੈ, ਕੁੱਠਾ ਵਿਸ਼ੇਸ਼ਣ ( Adjective ) ਮਾਰੇ ਹੋਏ ਜੀਵ ਦਾ ਨਾਮ ਪਿਆ, ਭਾਵ ਮਰਿਆ ਹੋਇਆ । ਜ਼ਬਰਦਸਤੀ ਕਰਕੇ ਮਾਰਨ ਵਾਲੇ ਨੂੰ ਕਸਾਈ ਭੀ ਕਿਹਾ ਗਿਆ । ਇਸ ਸਭ ਕੁਝ ਤੋਂ ਇਹ ਭਾਵ ਹੋਇਆ ਕਿ ਵਾਸਤਵ ਵਿਚ ਕੁੱਠਾ ਉਸ ਮਾਸ ਨੂੰ ਕਿਹਾ ਜਾਂਦਾ ਹੈ ਜੋ ਜਾਨਦਾਰ ਜੀਅ ਨੂੰ ਮਾਰ ਕੇ ਪ੍ਰਾਪਤ ਕੀਤਾ ਜਾਵੇ ।

ਹੁਣ ਦੂਸਰੇ ਸ਼ਬਦ ਝਟਕੇ ਨੂੰ ਵਿਚਾਰੀਏ ਤਾਂ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਜਾਂ ਹੋਰ ਕਿਸੇ ਭੀ ਪੁਰਾਤਨ ਗੁਰਮਤਿ ਗ੍ਰੰਥ ਵਿਚ ਝਟਕੇ ਦਾ ਨਾਮ ਤਕ ਨਹੀਂ ਮਿਲਦਾ। ਫਿਰ ਇਹ ਹੈਰਾਨ ਕਰ ਦੇਣ ਵਾਲੀ ਗੱਲ ਹੈ ਕਿ ਇਕ ਘਿਰਣਾ ਯੋਗ ਵਸਤੂ ਨੂੰ, ਝਟਕੇ ਦਾ ਮਨਘੜਤ ਨਾਮ ਦੇ ਕੇ ਸਿੰਘਾਂ ਨੂੰ ਪਤਿਤ ਕਰ ਦੇਣ ਵਾਲੀ ਸ਼ੈ ਦੀ ਵਰਤੋਂ ਪਰਚਲਿਤ ਕਰ ਦਿਤੀ ਗਈ । ਹੁਣ ਤਕ ਪੰਥ ਵਿਚ ਕਿਸੇ ਨੇ ਇਹ ਖੋਜ ਨਹੀਂ ਕੀਤੀ ਕਿ ਝਟਕੇ ਦਾ ਨਾਮ ਕਿਸ ਗ੍ਰੰਥ ਨੇ ਪ੍ਰਵਾਨ ਕੀਤਾ ਹੈ। ਇਹ ਭੀ ਕਿਤੇ ਸਿੱਧ ਨਹੀਂ ਕਿ ਝਟਕੇ ਦਾ ਨਾਮ ਕਿਥੋਂ ਤੇ ਕਿਨ੍ਹਾਂ ਹਾਲਤਾਂ ਵਿਚ ਕਿਸ ਦੁਆਰਾ ਪ੍ਰਚਲਤ ਹੋਇਆ । ਕਿਸੇ ਭੀ ਗੁਰਮਤਿ ਪ੍ਰਵਾਨ ਪੁਰਾਤਨ ਤਵਾਰੀਖ਼ੀ ਹਵਾਲੇ ਨਾਲ ਇਹ ਪੁਸ਼ਟੀ ਨਹੀਂ ਹੁੰਦੀ ਕਿ ਝਟਕਾ ਖਾਣਾ ਦਸ ਗੁਰੂਆਂ ਵਿਚੋਂ ਕਿਸੇ ਭੀ ਗੁਰੂ ਸਾਹਿਬਾਨ ਨੇ ਵਾਜਿਬ ਕਰਾਰ ਦਿਤਾ ਹੋਵੇ। ਜੇਕਰ ਐਸਾ ਹੁੰਦਾ ਤਾਂ ਕੁੱਠੇ ਤੇ ਝਟਕੇ ਦੀਆਂ ਪਰਿਭਾਸ਼ਾਵਾਂ (Definitions) ਭੀ ਜ਼ਰੂਰ ਵਰਣਨ ਕੀਤੀਆਂ ਹੁੰਦੀਆਂ।

ਇਹ ਹੈਰਾਨੀ ਦੀ ਗੱਲ ਹੈ ਕਿ ਕੁਝ ਸਮੇਂ ਤਾਂ ਇਹ ਕਿਹਾ ਜਾਂਦਾ ਰਿਹਾ ਹੈ ਕਿ ਇਕ ਫਟ ਨਾਲ ਕਤਲ ਕੀਤੇ ਬਕਰੇ ਦੇ ਮਾਸ ਨੂੰ ਝਟਕਾ ਕਿਹਾ ਜਾਂਦਾ ਹੈ ਤੇ ਇਕ ਤੋਂ ਵਧ ਫਟ ਵਜਣ ਨਾਲ ਕੁੱਠਾ ਬਣ ਜਾਂਦਾ ਹੈ, ਪਰ ਮਾਸ ਦੇ ਸ਼ੌਕੀਨ ਅੰਮ੍ਰਿਤਧਾਰੀਆਂ ਨੇ ਹੁਣ ਇਹ ਗੱਲ ਪ੍ਰਚਾਰਨੀ ਸ਼ੁਰੂ ਕਰ ਦਿਤੀ ਹੈ ਕਿ ਕਲਮਾ ਪੜ੍ਹਿਆ ਹੋਇਆ ਮਾਸ ਕੁੱਠਾ ਤੇ ਜਿਸ ਤੇ ਕਲਮਾ ਨਾ ਪੜ੍ਹਿਆ ਹੋਵੇ ਉਹ ਭਾਵੇਂ ਦਸ ਫਟ ਮਾਰ ਕੇ ਕਤਲ ਕੀਤੇ ਜੀਅ ਦਾ ਮਾਸ ਹੋਵੇ, ਉਹ ਝਟਕਾ ਹੋਵੇਗਾ। ਇਸ ਤਰ੍ਹਾਂ ਤਾਂ ਇਹ ਭੀ ਉਡੀਕ ਕਰਨੀ

ਚਾਹੀਦੀ ਹੈ ਕਿ ਥੋੜੇ ਸਮੇਂ ਤਕ ਬਕਰਾ, ਗਾਂ, ਭੈਂਸ, ਘੋੜਾ ਆਦਿਕ ਸਭ ਪ੍ਰਕਾਰ ਦੇ ਜੀਆਂ ਦਾ ਮਾਸ, ਜਿਸ ਪਰ ਕਲਮਾ ਨਾ ਪੜ੍ਹਿਆ ਹੋਵੇ, ਝਟਕਾ ਕਿਹਾ ਜਾਣ ਲਗ ਪਏਗਾ ਤੇ ਮਾਸ-ਰਸੀਆਂ ਦੀਆਂ ਸਹੂਲਤਾਂ ਵਿਚ ਵਾਧਾ ਹੋ ਜਾਵੇਗਾ।

ਇਹ ਇਕ ਪਰਤੱਖ ਅਤੇ ਸਹੀ ਗੱਲ ਹੈ ਕਿ ਜੋ ਮਾਸ ਖਾਣ ਵਾਲੇ ਪੁਰਸ਼ ਹਨ ਉਹ ਖਾਣ ਲਗਿਆਂ ਬਹੁਤ ਹੀ ਘਟ ਪੁਛ ਗਿਛ ਕਰਦੇ ਹਨ ਕਿ ਇਹ ਕੁੱਠਾ ਜਾਂ ਝਟਕਾ ਹੈ—ਸਾਮ੍ਹਣੇ ਤਿਆਰ ਹੁੰਦਾ ਤਾਂ ਦੇਖਦਾ ਹੀ ਕੌਣ ਹੈ—ਜੋ ਮਿਲੇ ਦੁਕਾਨ ਤੋਂ ਲੈ ਕੇ ਤੁਰਦੇ ਬਣਦੇ ਹਨ ਜਾਂ ਹੋਟਲਾਂ ਤੇ ਜਿਸ ਤਰ੍ਹਾਂ ਦਾ ਬਣਿਆ ਮਿਲੇ ਖੁਸ਼ ਹੋ ਕੇ ਖਾ ਲੈਂਦੇ ਹਨ। ਕਿਡੇ ਭਾਰੀ ਅਨਰਥ ਦੀ ਗੱਲ ਹੈ ਕਿ ਜਿਸ ਲਾਨ੍ਹਤ ਸ਼ੈ ਦੇ ਵਰਤਣ ਨਾਲ ਬੱਜਰ ਕੁਰਹਿਤ ਹੋ ਜਾਂਦੀ ਹੋਵੇ ਅਤੇ ਸਿੰਘ ਗੁਰਸਿਖੀ 'ਚੋਂ ਖਾਰਜ ਹੋ ਜਾਂਦਾ ਹੋਵੇ ਉਸ ਦੂਸ਼ਿਤ ਸ਼ੈ ਨੂੰ ਉਹ ਬਿਨਾਂ ਕਿਸੇ ਤਸੱਲੀ ਕੀਤਿਆਂ ਛਕ ਜਾਣ। ਇਹ ਸਭ ਕੁਝ ਦੇਖਾ ਦੇਖੀ ਦੇ ਤੇ ਸਵਾਰਥੀ ਆਗੂਆਂ ਦੇ ਪ੍ਰਚਾਰ ਦਾ ਨਤੀਜਾ ਹੈ। ਇਹ ਗੱਲ ਕਹਿਣੋਂ ਸੰਕੋਚ ਨਹੀਂ ਕੀਤਾ ਜਾ ਸਕਦਾ ਕਿ ਮੰਨੀਆਂ-ਪ੍ਰਮੰਨੀਆਂ ਪੰਥ ਪ੍ਰਸਿਧ ਮਾਸ-ਸ਼ਿਕਾਰੀ ਹਸਤੀਆਂ ਪੰਜਾਬ ਤੋਂ ਬਾਹਰ ਜਾ ਕੇ, ਜਿਥੇ ਬਹੁਤ ਥਾਈਂ ਕਲਮਾ ਪੜ੍ਹ ਕੇ ਤੇ ਇਕ ਤੋਂ ਵਧ ਫਟ ਮਾਰ ਕੇ, ਬਲਕਿ ਤਰਸਾ ਤਰਸਾ ਕੇ ਜੀਅ ਘਾਤ ਕਰਕੇ ਮਾਸ ਤਿਆਰ ਕੀਤਾ ਜਾਂਦਾ ਹੈ, ਹੋਟਲਾਂ ਤੇ ਲੋਕਾਂ ਦੇ ਘਰਾਂ ਵਿਚ ਪਲੇਟਾਂ ਦੀਆਂ ਪਲੇਟਾਂ ਛਕ ਜਾਂਦੇ ਹਨ। ਏਥੇ ਹੀ ਬਸ ਨਹੀਂ, ਕੁਝ ਚੰਗੇ ਚੰਗੇ ਕੀਰਤਨੀਏ, ਜਿਹੜੇ ਸਵੇਰੇ ਤਾਂ ਭਾਈ ਗੁਰਦਾਸ ਸਾਹਿਬ ਜੀ ਦੀਆਂ ਵਾਰਾਂ ਤੇ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ ਦੇ ਪ੍ਰਮਾਣ ਦੇ ਦੇ ਕੇ ਮਾਸ ਸ਼ਰਾਬ ਦੀ ਨਿਸ਼ੇਧੀ ਕਰਦੇ ਹਨ, ਉਹ ਆਪ ਰਾਤ ਨੂੰ ਬਾਟੇ ਭਰ ਭਰ ਕੇ ਮਾਸ ਤੇ ਸ਼ਰਾਬ ਦੀ ਵਰਤੋਂ ਕਰਦੇ ਹਨ। ਸੋ ਅੰਦਾਜ਼ਾ ਲਾਓ ਕਿ ਕੀ ਅਸਰ ਹੋਵੇਗਾ ਉਨ੍ਹਾਂ ਦੇ ਪ੍ਰਚਾਰ ਦਾ ਜੋ "ਅਵਰ ਉਪਦੇਸੈ ਆਪਿ ਨ ਕਰੈ ॥ ਆਵਤ ਜਾਵਤ ਜਨਮੈ ਮਰੈ" ਅਨੁਸਾਰ ਆਪ ਆਵਾਗਉਣ ਦੇ ਅਧਿਕਾਰੀ ਬਣਦੇ ਹਨ ਅਤੇ ਦੂਸਰਿਆਂ ਨੂੰ ਗਲਤ ਨਮੂਨਾ ਪੇਸ਼ ਕਰਦੇ ਹਨ। ਵਾਹਿਗੁਰੂ ਹੀ ਇਨ੍ਹਾਂ ਆਗੂਆਂ, ਧਰਮ-ਪ੍ਰਚਾਰਕਾਂ, ਕੀਰਤਨੀਆਂ ਤੇ ਭੱਦਰ ਪੁਰਸ਼ਾਂ ਨੂੰ ਸੁਮਤਿ ਬਖ਼ਸ਼ੇ।

ਕੁੱਠੇ ਤੇ ਝਟਕੇ ਦੀ ਗੱਲ ਦਾ ਤਾਂ ਭੋਗ ਪਿਆ ਕਿ ਵਾਸਤਵ ਵਿਚ ਝਟਕਾ ਕੋਈ ਪ੍ਰਮਾਣੀਕ ਸ਼ਬਦ ਨਹੀਂ, ਜਿਸ ਦੀ ਨਾ ਕੋਈ ਖੋਜ, ਨਾ ਵਿਆਖਿਆ, ਤੇ ਨਾ ਕਿਸੇ ਗ੍ਰੰਥ ਵਿਚ ਹਵਾਲਾ। ਨਾ ਕੋਈ ਇਸ ਦੀ ਪਰਿਭਾਸ਼ਾ (Definition) ਹੈ। ਕੁੱਠਾ ਮਾਸ ਦਾ ਹੀ ਨਾਮ ਹੈ ਅਤੇ ਐਸੇ ਮਾਸ ਦਾ ਜੋ ਜਬਰਨ ਕਿਸੇ ਜੀਅ ਨੂੰ ਮਾਰ ਕੇ ਤਿਆਰ ਕੀਤਾ ਹੋਵੇ।

**ਗੁਰਬਾਣੀ ਵਿਚਾਰ –**

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਮਾਸ ਪ੍ਰਤੀ ਉਚਾਰੇ ਹੋਏ ਸ਼ਬਦ, ਜੋ ਕੁਰਖੇਤਰ ਵਿਖੇ ਉਚਾਰਨ ਕੀਤੇ ਦਸੇ ਜਾਂਦੇ ਹਨ, ਸਾਫ਼ ਪਰਗਟ ਕਰਦੇ ਹਨ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਪੰਡਤ ਨੂੰ ਸੰਬੋਧਨ ਕਰਕੇ ਉਚਾਰਨ ਕੀਤੇ ਹਨ ਕਿ ਮਾਸ ਸ਼ਬਦ ਤੋਂ ਘਿਰਣਾ ਕਰਨ ਨਾਲ ਮੋਖ ਪ੍ਰਾਪਤ ਨਹੀਂ ਹੋ ਸਕਦੀ, ਕਿਉਂਕਿ—"ਮੂੰਹ ਮਾਸੇ ਕਾ, ਜੀਭ ਮਾਸੇ ਕੀ, ਇਸਤ੍ਰੀ ਪੁਰਸ਼ ਸਭ ਮਾਸੇ ਦੇ ਹੀ ਹਨ ਇਸ ਕਰਕੇ ਮਾਸ ਤੋਂ ਪ੍ਰਾਣੀ ਨਸ ਨਹੀਂ ਸਕਦਾ; ਪਰ ਇਸ ਦਾ ਕਦਾਚਿਤ ਇਹ ਭਾਵ ਨਹੀਂ ਨਿਕਲਦਾ ਕਿ ਜੀਵ-ਹੱਤਿਆ ਕਰ ਕੇ ਮਾਸ ਖਾਣ ਲਈ ਸਤਿਗੁਰਾਂ ਨੇ ਪ੍ਰੇਰਨਾ ਕੀਤੀ ਹੋਵੇ। ਆਪੇ ਹੀ ਇਤਿਹਾਸਕਾਰ ਇਹ ਭੀ ਵਰਣਨ ਕਰਦੇ ਹਨ ਕਿ ਜਿਥੇ ਇਹ ਸ਼ਬਦ ਉਚਾਰਿਆ ਉਥੇ ਮਿਰਗ ਦੇ ਰਿੱਨ੍ਹੇ ਮਾਸ ਨੂੰ ਜਦੋਂ ਵਰਤਾਇਆ ਤਾਂ ਖੀਰ ਨਿਕਲੀ—ਕੀ ਲੋੜ ਸੀ ਖੀਰ ਛਕਾਉਣ ਦੀ, ਜੇ ਮਾਸ ਹੀ ਚੰਗਾ ਸਮਝਿਆ ਜਾਂਦਾ ਹੁੰਦਾ। ਸਾਰੇ ਸ਼ਬਦ ਵਿਚ ਕਿਤੇ ਮੋਏ ਜੀਵ ਦੇ ਮਾਸ ਨੂੰ ਜਾਂ ਜੀਵ ਨੂੰ ਮਾਰ ਕੇ ਮਾਸ ਖਾਣ ਦੀ ਪ੍ਰੇਰਨਾ ਨਹੀਂ ਮਿਲਦੀ। ਬਲਕਿ ਗੁਰਬਾਣੀ ਸਪਸ਼ਟ ਲਫ਼ਜ਼ਾਂ ਵਿਚ ਮਾਸ ਖਾਣ ਤੋਂ ਵਰਜਦੀ ਹੈ। ਯਥਾ –

> ਕਬੀਰ ਭਾਂਗ ਮਾਛੁਲੀ ਸੁਰਾਪਾਨਿ ਜੋ ਜੋ ਪ੍ਰਾਨੀ ਖਾਂਹਿ ॥ ਤੀਰਥ ਬਰਤ ਨੇਮ ਕੀਏ, ਤੇ ਸਭੈ ਰਸਾਤਲਿ ਜਾਂਹਿ ॥੨੩੩॥
>
> ਕਬੀਰ ਜੀਅ ਜੁ ਮਾਰਹਿ ਜੋਰੁ ਕਰਿ ਕਹਤੇ ਹਹਿ ਜੁ ਹਲਾਲੁ ॥ ਦਫਤਰੁ ਦਈ ਜਬ ਕਾਢਿ ਹੈ, ਹੋਇਗਾ ਕਉਨੁ ਹਵਾਲੁ ॥੧੯੯॥
>
> ਕਬੀਰੁ ਖੂਬੁ ਖਾਨਾ ਖੀਚਰੀ, ਜਾ ਮਹਿ ਅੰਮ੍ਰਿਤ



www.AKJ.Org

ਲੋਨੁ ॥ ਹੇਰਾ ਰੋਟੀ ਕਾਰਨੇ, ਗਲਾ ਕਟਾਵੈ ਕਉਨੁ ॥੧੮੮॥ [ਸਲੋਕ ਕਬੀਰ ਜੀ

ਬੇਦ ਕਤੇਬ ਕਹਹੁ ਮਤ ਝੂਠੇ, ਝੂਠਾ ਜੋ ਨ ਬਿਚਾਰੈ॥ ਜਉ ਸਭ ਮਹਿ ਏਕੁ ਖੁਦਾਇ ਕਹਤ ਹਉ, ਤਉ ਕਿਉ ਮੁਰਗੀ ਮਾਰੈ ॥

[ਪ੍ਰਭਾਤੀ ਕਬੀਰ ਜੀ, ਪੰਨਾ ੧੩੫੦

ਭਾਈ ਗੁਰਦਾਸ ਸਾਹਿਬ ਜੀ ਦੀ ਬਾਣੀ ਇਸ ਮਸਲੇ ਬਾਰੇ ਫੈਸਲਾ ਹੀ ਕਰ ਦਿੰਦੀ ਹੈ :–

ਜੇ ਕਾਸਾਈ ਉਧਰਿਆ, ਜੀਆ ਘਾਇ ਨ ਖਾਈਐ ਭੰਗ (ਮਾਸ) ॥ ਥਿਤੁ ਭਰਵਾਸੈ ਰਹਿਣ ਕੁਢੰਗਾ ॥

[ਵਾਰ ੩੧, ਪਉੜੀ ੯

ਮਾਸ ਖਾਨਿ ਗਲ ਵਢਿ ਕੈ, ਹਾਲ ਤਿਨਾੜਾ ਕਉਣੁ ਹੋਵਸੀ ॥ [ਵਾਰ ੨੫, ਪਉੜੀ ੧੭

ਮਾਸ ਖਾਨ ਗਲ ਛੁਰੀ ਦੇ, ਹਾਲ ਤਿਨਾੜਾ ਕਉਣੁ ਅਲੋਆ ॥ [ਵਾਰ ੩੭, ਪਉੜੀ ੨੧

## ਲੰਗਰ ਮਰਯਾਦਾ—

ਪਰਤੱਖ ਨੂੰ ਪਰਮਾਣ ਕੀ ? ਕਿਸੇ ਗੁਰੂ ਕੇ ਲੰਗਰ ਜਾਂ ਗੁਰਦੁਆਰੇ ਵਿਚ ਮਾਸ ਨਹੀਂ ਬਣਾਇਆ ਜਾ ਸਕਦਾ, ਜੇਕਰ ਕੋਈ ਆਪਣੇ ਜ਼ਾਤੀ ਸਥਾਨ ਤੇ ਇਹ ਵਧੀਕੀ ਕਰਦਾ ਭੀ ਹੈ ਤਾਂ ਉਹ ਗੁਰ-ਹੁਕਮਾਂ ਦੀ ਉਲੰਘਣਾ ਕਰਦਾ ਹੈ ।

## ਇਤਿਹਾਸਕ ਹਵਾਲਾ—

ਗੁਰੂ ਹਰਿ ਰਾਇ ਸਾਹਿਬ ਜੀ ਦਵਾਰਾ ਹੁਕਮ ਸੂਰਜ ਪ੍ਰਕਾਸ਼ ਵਿਚ ਇਉਂ ਵਰਣਨ ਹਨ :–

ਅਮਿਖ (ਮਾਸ) ਨ ਪਰੈ ਦੇਗਿ ਸਗਲੇ ਬਰਜ ਦੀਨ ।

ਮਹਿਮਾ ਪ੍ਰਕਾਸ਼ ਵਿਚ ਕਥਨ :–

ਮਰਜਾਦਾ ਸਿਉ ਚੌਕਾ ਹੋਇ ॥ ਭੁਗਤਿ ਪਵਿਤ੍ਰ ਪਾਵੈ ਸਭ ਕੋਇ ॥ ਮਾਸੁ ਆਦਿਕ ਲੰਗਰ ਨਹੀ ਹੋਇ ॥ ਗੁਰ ਆਗਿਆ ਕਰੀ, ਨ ਖਾਵੈ ਕੋਇ ॥

ਕਈ ਪੁਰਸ਼ ਇਹ ਆਖ ਦਿੰਦੇ ਹਨ ਕਿ ਗੁਰੂ ਸਾਹਿਬ ਸ਼ਿਕਾਰ ਕਰਦੇ ਸਨ । ਜੇ ਡੂੰਘੀ ਵਿਚਾਰ ਨਾਲ ਖੋਜ ਕੀਤੀ ਜਾਵੇ ਤਾਂ ਸਪਸ਼ਟ ਹੋ ਜਾਂਦਾ ਹੈ ਕਿ ਗੁਰੂ ਸਾਹਿਬ ਜੀਵਾਂ ਦੇ ਉਧਾਰ (ਕਲਿਆਣ) ਲਈ ਸ਼ਿਕਾਰ ਕਰਦੇ ਰਹੇ ਹਨ, ਮਾਸ ਦੇ ਰਸ ਭੋਗਣ ਲਈ ਨਹੀਂ ।

## ਮੌਜੂਦਾ ਪ੍ਰਚਾਰ—

ਅਜ ਕਲ੍ਹ ਦੇ ਪ੍ਰਚਾਰਕ ਮਾਸ ਛਕਣ ਲਈ ਪ੍ਰਚਾਰ ਕਰਦੇ ਹੋਏ ਜਿਥੇ ਸੰਗਤਾਂ ਵਿਚ ਆਪਣਾ ਮਾਣ ਸਤਿਕਾਰ ਗਵਾਉਂਦੇ ਹਨ, ਗੁਰ-ਹੁਕਮਾਂ ਦੀ ਉਲੰਘਣਾ ਕਰ ਕੇ ਪਾਪਾਂ ਦੇ ਅਧਿਕਾਰੀ ਵੀ ਬਣਦੇ ਹਨ । ਨਾਲ ਹੀ ਉਹ ਆਪਣੇ ਅਧੂਰੇ ਗਿਆਨ ਦਾ ਪ੍ਰਗਟਾਵਾ ਭੀ ਕਰਦੇ ਹਨ । ਕੁਝ ਸਥਾਨਾਂ ਤੇ ਇਹ ਭਾਸ਼ਣ ਦਿਤੇ ਜਾਂਦੇ ਹਨ ਕਿ ਬਕਰੇ ਵੱਢਣ ਨਾਲ ਮਾਰਨ ਦੀ ਰਿਹਰਸਲ ਹੁੰਦੀ ਹੈ ਤੇ ਬੀਰ ਰਸ ਉਪਜਦਾ ਹੈ ਇਸ ਲਈ ਮਾਰਸ਼ਲ ਕੌਮਾਂ ਨੂੰ ਮਾਸ ਖਾਣਾ ਜ਼ਰੂਰੀ ਹੈ ।

ਉਨ੍ਹਾਂ ਪ੍ਰਚਾਰਕਾਂ ਨੂੰ ਪੁਛਿਆ ਜਾਵੇ ਕਿ ਬਕਰੇ ਤਾਂ ਕਸਾਈ ਵਢਦੇ ਹਨ ਉਨ੍ਹਾਂ ਪ੍ਰਚਾਰਕਾਂ ਜਾਂ ਛਕਣਹਾਰਿਆਂ ਦੀ ਰਿਹਰਸਲ ਕਿਥੇ ਹੋਈ ਤੇ ਕਿਵੇਂ ਹੋਈ ? ਇਹ ਭੀ ਸਭ ਐਵੇਂ ਕਲਪਿਤ ਗੱਲਾਂ ਹਨ । ਜਿੰਨੀ ਸ਼ਕਤੀ ਤੇ ਬੀਰ ਰਸ ਨਾਮ ਜਪਣ ਵਾਲੇ ਸੱਚੇ ਸੁੱਚੇ ਰਹਿਤਵਾਨ ਸਿੰਘ ਵਿਚ ਹੋ ਸਕਦਾ ਹੈ ਉਤਨਾ ਕਦੇ ਭੀ ਮੁਰਦਾਰ ਖਾਣਹਾਰੇ ਤੇ ਪਸ਼ੂਆਂ ਦੇ ਹੱਡ ਚੂਸਣ-ਹਾਰੇ ਪ੍ਰਾਣੀ ਵਿਚ ਨਹੀਂ ਹੋ ਸਕਦਾ । ਇਹ ਭੀ ਮਸਾਲਾਂ ਦਿੱਤੀਆਂ ਜਾਂਦੀਆਂ ਹਨ ਕਿ ਫਲਾਂ ਸਿੰਘ ਸਾਬਤ ਬਕਰਾ ਖਾ ਜਾਂਦਾ ਸੀ ਤੇ ਡਟ ਕੇ ਜੰਗ ਕਰਦਾ ਸੀ । ਇਹ ਗਲ ਸਿਧ ਕਰਨੀ ਮੁਸ਼ਕਲ ਹੈ ਅਤੇ ਨਿਰੀ ਮਨੋ ਕਲਪਿਤ ਜਾਪਦੀ ਹੈ ।

ਜੇ ਇਹ ਬੀਰ-ਰਸੀ ਸ਼ਕਤੀ ਮਾਸ ਖਾਣ ਨਾਲ ਹੀ ਪੈਦਾ ਹੁੰਦੀ ਹੈ ਤਾਂ ਫਿਰ ਇਹ ਦਸੋ ਕਿ ਮਾਸਾਹਾਰੀ ਮੁਸਲਮਾਨ ਕੌਮ ਦੇ ਸਾਬਤ ਸਾਬਤ ਦੁੰਬੇ ਖਾ ਜਾਣ ਵਾਲੇ ਗਿਲਜੇ ਮੁਠੀ ਭਰ ਛੋਲਿਆਂ ਤੇ ਗੁਜ਼ਰਾਨ ਕਰਨ ਵਾਲੇ ਤੇ ਕਈ ਕਈ ਦਿਨ ਫਾਕੇ ਕੜਾਕੇ ਕਟਣ ਵਾਲੇ ਮੁੱਠੀ ਭਰ ਸਿੰਘਾਂ ਦੇ ਮੁਕਾਬਲੇ ਤੇ ਕਿਉਂ ਭਾਂਜ ਖਾ ਜਾਂਦੇ ਰਹੇ ? ਇਹ ਬੀਰ-ਰਸੀ ਸ਼ਕਤੀ ਮਾਸ ਖਾਣ ਦੇ ਅਧੀਨ ਨਹੀਂ, ਸਗੋਂ ਨਾਮ ਦੇ ਅਧੀਨ ਹੈ ।

ਆਮ ਕਹਾਵਤ ਹੈ, 'ਜੈਸਾ ਖਾਈਏ ਅੰਨ ਤੈਸਾ ਹੋਵੇ ਮਨ ।' ਖ਼ਾਲਸਾ ਰਾਜ-ਜੋਗੀ ਹੈ, ਭਾਵ ਗ੍ਰਿਹਸਥ ਵਿਚ ਰਾਜ ਕਮਾਉਂਦਾ ਹੋਇਆ ਜੋਗ ਕਮਾਉਂਦਾ ਹੈ ।

[ਬਾਕੀ ਸਫ਼ਾ ੪੦ ਦੇ ਹੇਠ]

www.AKJ.Org

# ਵਾਈਸ ਚਾਂਸਲਰ ਪੰਜਾਬੀ ਯੂਨੀਵਰਸਿਟੀ ਦੇ ਧਿਆਨ ਯੋਗ

ਇਹ ਗੱਲ ਖੁਸ਼ੀ ਨਾਲ ਸੁਣੀ ਗਈ ਹੈ ਕਿ ਮਿਸਜ਼ ਇੰਦਰਜੀਤ ਕੌਰ ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਵਾਈਸ ਚਾਂਸਲਰ ਨਿਯੁਕਤ ਹੋ ਗਏ ਹਨ। ਆਪ ਜੀ ਨੂੰ ਵਿਦਿਆ ਵਿਭਾਗ ਵਿਚ ਸੇਵਾ ਕਰਦਿਆਂ ੨੯ ਸਾਲ ਹੋ ਚਲੇ ਹਨ। ਅਤੇ ਕਈ ਕਾਲਜਾਂ ਵਿਚ ਪ੍ਰੋਫ਼ੈਸਰ ਤੇ ਪ੍ਰਿੰਸੀਪਲ ਦੇ ਤੌਰ ਤੇ ਖ਼ੂਬ ਸੇਵਾ ਨਿਭਾਈ ਹੈ। ਇਸ ਤੋਂ ਇਲਾਵਾ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ, ਪੰਜਾਬੀ ਯੂਨੀਵਰਸਿਟੀ ਪਟਿਆਲਾ ਅਤੇ ਗੁਰੂ ਨਾਨਕ ਯੂਨੀਵਰ-ਸਿਟੀ ਅੰਮ੍ਰਿਤਸਰ ਵਿਚ ਸੈਨਿਟ ਆਦਿ ਕਮੇਟੀਆਂ ਵਿਚ ਕੰਮ ਕਰਨ ਦਾ ਲੰਮੇ ਸਮੇਂ ਦਾ ਅਨੁਭਵ ਹੈ।

ਇਸ ਵੇਲੇ ਇਨ੍ਹਾਂ ਦੇ ਜ਼ਿਮੇ ਇਸ ਨਵੀਂ ਨਿਯੁਕਤੀ ਨਾਲ ਬਹੁਤ ਭਾਰੀ ਜ਼ਿਮੇਵਾਰੀ ਆ ਪਈ ਹੈ, ਜਿਸ ਨੂੰ ਆਪ ਬੜੀ ਗੰਭੀਰਤਾ ਤੇ ਸੰਜੀਦਗੀ ਨਾਲ ਵਿਚਾਰ ਕੇ ਸਿਰੇ ਚਾੜ੍ਹਨ ਦਾ ਯਤਨ ਕਰਨਗੇ।

ਇਸ ਵੇਲੇ ਸਕੂਲਾਂ ਕਾਲਜਾਂ ਵਿਚ ਵਿਦਿਆਰਥੀਆਂ ਤੇ ਵਿਦਿਆਰਥਣਾਂ ਦੀ ਹਾਲਤ ਤਰਸ-ਯੋਗ ਹੈ ਜਿਸ ਨੂੰ ਵੇਖ ਕੇ ਇਹ ਗੱਲ ਆਮ ਲੋਕਾਂ ਦੀ ਜ਼ਬਾਨ ਤੇ ਹੈ ਕਿ ਵਿਦਿਆ-ਕੇਂਦਰਾਂ ਵਿਚ ਅਵਿਦਿਆ ਵਰਤ ਰਹੀ ਹੈ। ਉਹ ਵਿਦਿਆ ਜੋ ਇਨਸਾਨ ਨੂੰ ਇਨਸਾਨ ਨਹੀਂ ਬਣਾਂਦੀ ਸਗੋਂ ਪਸ਼ੂਪੁਣੇ ਵਲ ਲਿਜਾਂਦੀ ਹੈ, ਵਿਦਿਆ ਕਹਾਉਣ ਦੀ ਹੱਕਦਾਰ ਨਹੀਂ। ਇਨਸਾਨੀਅਤ ਵਾਲੇ ਗੁਣਾਂ ਤੇ ਅਮਲਾਂ ਕਰ ਕੇ ਹੀ ਇਨਸਾਨ, ਇਨਸਾਨ ਹੈ। ਪਰ ਜੇ ਪਸ਼ੂਆਂ ਵਾਲੇ ਕਰਮ ਕਰੇ ਤਾਂ ਇਨਸਾਨ ਦੇ ਰੂਪ ਵਿਚ ਹੈਵਾਨ ਹੈ।

ਅਜ ਸਾਡੀ ਨਵੀਂ ਪੀੜ੍ਹੀ ਇਖ਼ਲਾਕੀ ਤੌਰ ਤੇ ਭਿਆਨਕ ਤਬਾਹੀ ਦੇ ਮੋੜ ਤੇ ਪੁਜ ਚੁਕੀ ਹੈ। ਇਸ ਇਖ਼ਲਾਕੀ ਗਿਰਾਵਟ ਦਾ ਕੇਂਦਰ ਬਹੁਤਾ ਕਰਕੇ ਸਕੂਲ ਕਾਲਜ ਹੀ ਹਨ। ਇਸ ਦਾ ਮਤਲਬ ਇਹ ਹੈ ਕਿ ਸਿਖਿਆ ਪ੍ਰਣਾਲੀ ਠੀਕ ਨਹੀਂ, ਇਸ ਵਿਚ ਕੋਈ ਭਾਰੀ ਨੁਕਸ ਹੈ।

ਸੋ ਅਸੀਂ ਆਪਣੇ ਮਾਨਯਵਰ ਭੈਣ ਜੀ ਦਾ ਧਿਆਨ ਵਿਸ਼ੇਸ਼ ਤੌਰ ਪਰ ਇਸ ਪਾਸੇ ਦਿਵਾ ਰਹੇ ਹਾਂ ਕਿ ਇਸ ਮਰਜ਼ ਦੀ ਨਬਜ਼ ਪਛਾਣ ਕੇ, ਇਸ ਦਾ ਕੋਈ ਉਸਾਰੂ ਇਲਾਜ ਅਰੰਭਿਆ ਜਾਵੇ, ਜਿਸ ਨਾਲ ਕਾਲਜਾਂ ਸਕੂਲਾਂ ਵਿਚ ਸੁਧਾਰ ਦੀ ਨਵੀਂ ਲਹਿਰ ਚਲ ਪਵੇ। ਇਸ ਪਾਸੇ ਤਕੜਾ ਹਮਲਾ ਮਾਰਨ ਦੀ ਅਵੱਸ਼ ਲੋੜ ਹੈ। ਫ਼ਰਜ਼ ਇਹੋ ਮੰਗ ਕਰਦਾ ਹੈ। ਅਸੀਂ ਪੂਰਨ ਆਸ ਰਖਦੇ ਹਾਂ ਕਿ ਆਪ ਜੀ ਇਸ ਪਾਸੇ ਉਚੇਚਾ ਧਿਆਨ ਦੇ ਕੇ ਵਿਗੜੀ ਨੂੰ ਸੰਵਾਰਨ ਦਾ ਹੰਭਲਾ ਮਾਰੋਗੇ।

---

[ਪੰਨਾ ੩੯ ਦੀ ਬਾਕੀ]

ਪਰ ਇਹ ਤਾਂ ਹੀ ਸੰਭਵ ਹੈ ਜੇਕਰ ਗੁਰ-ਹੁਕਮਾਂ ਤੇ ਚਲ ਕੇ ਜੀਵਨ ਬਤੀਤ ਕਰੇ। ਜਿਨ੍ਹਾਂ ਕਰਮਾਂ ਵਿਚ ਕਿਸੇ ਬਜਰ ਕੁਰਹਿਤ ਦਾ ਤਨਕ ਮਾਤਰ ਵੀ ਸ਼ੰਕਾ ਹੋਵੇ, ਖ਼ਾਲਸਾ ਉਸ ਦੇ ਨੇੜੇ ਨਹੀਂ ਢੁਕਦਾ, ਜਿਹਾ ਕਿ ਸਿਗਰਟ ਤਮਾਕੂ ਦਾ ਧੂੰਆਂ ਲੈਣਾ ਵੀ ਪਾਪ ਸਮਝਦਾ ਹੈ; ਪਰ-ਤ੍ਰਿਅ ਗਮਨ ਤਾਂ ਬਹੁਤ ਦੁਰੇਡੇ ਰਿਹਾ, 'ਦੇਖ ਪਰਾਈਆਂ ਚੰਗੀਆਂ ਮਾਵਾਂ ਭੈਣਾਂ ਧੀਆਂ' ਜਾਣਦਾ ਹੈ; ਕੰਘਾ ਕਰਦਾ ਹੋਇਆ ਪਿਆਰ ਨਾਲ ਸਹਿਜੇ ਸਹਿਜੇ ਕੇਸਾਂ ਵਿਚ ਕੰਘਾ ਫੇਰਦਾ ਹੈ, ਐਵੇਂ ਖਿਚ ਧੂਹ ਕਰ ਕੇ ਕੇਸਾਂ ਦੀ ਬੇਅਦਬੀ ਨਹੀਂ ਕਰਦਾ; ਇਸੇ ਤਰ੍ਹਾਂ ਹੀ "ਬਾਬਾ ਹੋਰ ਖਾਣਾ ਖੁਸੀ ਖੁਆਰੁ ॥ ਜਿਤੁ ਖਾਧੈ ਤਨੁ ਪੀੜੀਐ ਮਨ ਮਹਿ ਚਲਹਿ ਵਿਕਾਰ" ਵਾਲੇ ਗੁਰ-ਹੁਕਮ ਦੀ ਰੋਸ਼ਨੀ ਵਿਚ ਵਿਕਾਰ ਉਪਜਾਊ ਮਾਸ ਵਰਗੀ ਘ੍ਰਿਣਤ ਚੀਜ਼ ਨੂੰ ਉਹ ਕਿਵੇਂ ਪਰਵਾਨ ਕਰ ਸਕਦਾ ਹੈ? ਜਦ ਕਿ ਕੁਠਾ ਖਾਣਾ ਬਜਰ ਕੁਰਹਿਤ ਦਰਸਾਈ ਜਾਂਦੀ ਹੋਵੇ ਝਟਕੇ ਦੀ ਕੋਈ ਪਰਿਭਾਸ਼ਾ ਮੌਜੂਦ ਹੀ ਨਾ ਹੋਵੇ ਤ ਫਿਰ ਮਨੋ-ਕਲਪਿਤ ਦਲੀਲਾਂ ਦੀ ਬਿਨਾ ਤੇ ਪਤਿਤ ਕਰਨ ਵਾਲੇ ਕਰਮ ਦੇ ਨੇੜੇ ਵੀ ਕਿਉਂ ਢੁਕੇ।

ਨੋਟ:—ਕਬਾਬ ਦੇ ਨਾਲ ਸ਼ਰਾਬ ਦੀ ਗੂੜ੍ਹੀ ਯਾਰੀ ਹੈ। ਜਿਸ ਮਜਲਿਸ ਵਿਚ ਕਬਾਬ ਵਰਤੇ ਉਥੇ ਸ਼ਰਾਬ ਅਵੱਸ਼ ਪਹੁੰਚ ਜਾਂਦੀ ਹੈ। ਸੋ ਜਿਥੇ ਮਾਸ ਖਾਣ ਦੀ ਮਨਾਹੀ ਹੈ ਉਥੇ ਸ਼ਰਾਬ ਲਈ ਵੀ ਸਖ਼ਤ ਤਾੜਨਾ ਹੈ। ਯਥਾ ਗੁਰਵਾਕ—

ਜਿਤੁ ਪੀਤੈ ਮਤਿ ਦੂਰਿ ਹੋਇ, ਬਰਲੁ ਪਵੈ ਵਿਚਿ ਆਇ ॥ ਆਪਣਾ ਪਰਾਇਆ ਨ ਪਛਾਣਈ, ਖਸਮਹੁ ਧਕੇ ਖਾਇ ॥ ਜਿਤੁ ਪੀਤੈ ਖਸਮੁ ਵਿਸਰੈ, ਦਰਗਹ ਮਿਲੈ ਸਜਾਇ ॥ ਝੂਠਾ ਮਦੁ ਮੂਲੇ ਨ ਪੀਚਈ, ਜਾ ਕਾ ਪਾਰਿ ਵਸਾਇ ॥

[ਸਲੋਕ ਮ: ੩, ਪੰਨਾ ੫੫੪

www.AKJ.org

# ਮਾਪਿਆਂ ਦਾ ਬੱਚਿਆਂ ਲਈ ਫ਼ਰਜ਼

[ਵਲੋਂ—ਸ: ਮਾਲਕ ਸਿੰਘ ਜੀ, ਕੈਮੀਕਲ ਇਨਚਾਰਜ, ਜੰਮੂ]

ਜਿਥੇ ਬੱਚੇ ਨੂੰ ਰੱਬ ਦਾ ਰੂਪ ਕਿਹਾ ਜਾਂਦਾ ਹੈ ਉਥੇ ਰਾਜਨੀਤਿਕ ਤੌਰ ਤੇ ਬੱਚਾ ਰਾਸ਼ਟਰ ਦਾ ਪਿਤਾ ਮੰਨਿਆ ਜਾਂਦਾ ਹੈ। ਧਾਰਮਕ ਤੌਰ ਤੇ ਬੱਚਾ ਕੌਮ ਦੇ ਮਹਿਲ ਦੀ ਨੀਂਹ ਹੈ। ਜਿਸ ਕੌਮ ਦੇ ਬੱਚਿਆਂ ਨੂੰ ਧਾਰਮਕ ਵਿਦਿਆ ਅਤੇ ਦੈਵੀ ਗੁਣਾਂ ਵਿਚ ਬਚਪਨ ਤੋਂ ਹੀ ਨਿਪੁੰਨ ਕਰ ਦਿਤਾ ਜਾਂਦਾ ਹੈ ਉਸ ਕੌਮ ਦਾ ਭਵਿਖ ਉਜਲਾ ਰਹਿੰਦਾ ਹੈ। ਜੇ ਬੱਚੇ ਦੇ ਮਨ ਨੂੰ ਪੜ੍ਹਨ ਦਾ ਯਤਨ ਕੀਤਾ ਜਾਏ ਤਾਂ ਨਿਰਸੰਦੇਹ ਕਿਹਾ ਜਾ ਸਕਦਾ ਹੈ ਕਿ ਬੱਚੇ ਦਾ ਮਨ ਸ਼ੀਸ਼ੇ ਵਰਗਾ ਹੁੰਦਾ ਹੈ, ਇਸ ਵਿਚ ਜਿਹੋ ਜਿਹਾ ਅਕਸ ਪਾਇਆ ਜਾਏਗਾ ਉਹੋ ਜਿਹੇ ਗੁਣਾਂ ਦਾ ਅੰਕੁਰ ਅੰਤਹਕਰਣ ਦੀ ਤਹਿ ਵਿਚ ਜੰਮ ਜਾਏਗਾ। ਬੱਚੇ ਦਾ ਮਨ ਨਿਰਮਲ ਪਾਣੀ ਦੀ ਤਰ੍ਹਾਂ ਹੈ, ਜਿਹੋ ਜਿਹਾ ਰੰਗ ਇਸ ਵਿਚ ਪਾਇਆ ਜਾਏਗਾ ਉਹੋ ਜਿਹੀ ਰੰਗਤ ਇਸ ਨੂੰ ਚੜ੍ਹ ਜਾਏਗੀ। ਦੂਜੇ ਸ਼ਬਦਾਂ ਵਿਚ ਬੱਚੇ ਦਾ ਮਨ ਇਕ ਸਫ਼ੇਦ ਕਾਗਜ਼ ਦੀ ਤਰ੍ਹਾਂ ਕੋਰਾ ਹੁੰਦਾ ਹੈ, ਜਿਹੋ ਜਹੇ ਗੁਣ ਇਸ ਤੇ ਲਿਖ ਦਿਤੇ ਜਾਣਗੇ ਉਸੇ ਤਰ੍ਹਾਂ ਦੇ ਪੂਰਨੇ ਇਸ ਦੇ ਅੰਤਹਕਰਣ ਤੇ ਉਕਰੇ ਜਾਣਗੇ। ਸਪੱਸ਼ਟ ਹੈ ਕਿ ਬੱਚੇ ਦੇ ਮਨ ਨੂੰ ਘੜਨ ਵਿਚ ਮਾਂ ਬਾਪ ਦਾ ਕਾਫ਼ੀ ਹੱਥ ਹੁੰਦਾ ਹੈ। ਇਹ ਹੁਣ ਮਾਂ ਬਾਪ ਤੇ ਨਿਰਭਰ ਹੈ ਕਿ ਉਹ ਇਸ ਕਾਗਜ਼ ਤੇ ਭਗਤੀ-ਸ਼ਕਤੀ ਦੇ ਪੂਰਨੇ ਪਉਣ ਜਾਂ ਅਉਗੁਣਾਂ ਦੇ।

ਇਸ ਲਈ ਹਰ ਮਾਂ ਬਾਪ ਨੂੰ ਚਾਹੀਦਾ ਹੈ ਕਿ ਉਹ ਬੱਚੇ ਦੀ ਜਿਥੇ ਸਰੀਰਕ ਪਾਲਣ ਪੋਸਣ, ਖ਼ੁਰਾਕ, ਕਪੜਾ, ਸਿਹਤ ਆਦਿ ਵਲ ਧਿਆਨ ਦੇਂਦੇ ਹਨ ਉਥੇ ਉਸ ਦੀ ਆਤਮਕ ਤੌਰ ਤੇ ਪਾਲਣਾ ਵਲ ਉਚੇਰਾ ਧਿਆਨ ਦੇਣ। ਕਈ ਸਜਣ ਬੱਚਿਆਂ ਦੇ ਉਸਰ ਰਹੇ ਆਚਰਨ ਵਲ ਕੋਈ ਧਿਆਨ ਨਹੀਂ ਦੇਂਦੇ ਅਤੇ ਉਹਨਾਂ ਲਈ ਧਨ, ਮਕਾਨ, ਜਾਇਦਾਦ ਆਦਿ ਇਕੱਠੀ ਕਰਨ ਵਿਚ ਹੀ ਲਗੇ ਰਹਿੰਦੇ ਹਨ। ਨਤੀਜਾ ਇਹ ਹੁੰਦਾ ਹੈ ਕਿ ਬੱਚੇ ਕੁਸੰਗ ਵਿਚ ਫਸ ਕੇ ਆਪਣਾ ਆਚਰਨ ਵਿਗਾੜ ਲੈਂਦੇ ਹਨ। ਮਾਪਿਆਂ ਨੂੰ ਓਦੋਂ ਹੀ ਪਤਾ ਲਗਦਾ ਹੈ ਜਦੋਂ ਬੁਰੀਆਂ ਆਦਤਾਂ ਉਨ੍ਹਾਂ ਦੇ ਅੰਦਰ ਪੱਕਾ ਡੇਰਾ ਜਮਾ ਬੈਠਦੀਆਂ ਹਨ। ਫਿਰ ਮਾਪੇ ਬੇਵਸ ਹੋ ਜਾਂਦੇ ਹਨ।

ਚਾਹੀਦਾ ਇਹ ਹੈ ਕਿ ਹਰ ਮਾਂ ਬਾਪ ਬੱਚਿਆਂ ਨੂੰ ਬਚਪਨ ਤੋਂ ਹੀ ਵਧ ਤੋਂ ਵਧ ਗੁਰਮਤਿ ਵਾਲੇ ਪਾਸੇ ਲਾਉਣ, ਤਾਕਿ ਬੱਚੇ ਨਿਤਨੇਮੀ ਤੇ ਸਿਮਰਨ ਦੇ ਪ੍ਰੇਮੀ ਬਣ ਜਾਣ, ਉਹ ਦੈਵੀ ਗੁਣ ਧਾਰਨ ਕਰ ਕੇ ਨੇਕ ਕਮਾਈ ਦਾ ਰਾਹ ਅਪਣਾ ਸਕਣ ਅਤੇ ਦਸਾਂ ਨਹੁੰਆਂ ਦੀ ਕਿਰਤੀ ਕਰ ਕੇ ਨਿਰਛਲਤਾ ਨਾਲ ਰੋਜ਼ੀ ਵੀ ਕਮਾ ਸਕਣ।

ਇਹ ਵੇਖਣ ਵਿਚ ਆਉਂਦਾ ਹੈ ਕਿ ਇਸ ਉਸਰ ਰਹੀ ਪਨੀਰੀ ਵਲੋਂ ਮਾਪੇ ਅਵੇਸਲੇ ਰਹਿੰਦੇ ਹਨ। ਬੱਚਿਆਂ ਨੂੰ ਧਾਰਮਕ ਰੁਚੀ ਬਣਾਣ ਵਾਲੀ ਪ੍ਰੇਰਨਾ ਨਹੀਂ ਦਿੰਦੇ। ਬੱਚਿਆਂ ਨੂੰ ਅੰਮ੍ਰਿਤ ਵੇਲੇ ਜਾਗਣ ਦੀ ਆਦਤ ਨਹੀਂ ਪਾਂਦੇ। ਉਹ ਨਾ ਗੁਰਬਾਣੀ ਦੇ ਪਾਠ ਵਲ ਪ੍ਰੇਰਦੇ ਹਨ ਅਤੇ ਨਾ ਹੀ ਗੁਰਦੁਆਰੇ ਨਾਲ ਲਿਜਾਂਦੇ ਹਨ। ਬੱਚਿਆਂ ਨੂੰ ਮਾਂ-ਬਾਪ ਸਵੇਰੇ ਜੇ ਆਪ ਉਠਦੇ ਵੀ ਹਨ ਤਾਂ ਬੱਚਿਆਂ ਨੂੰ ਸੁਤੇ ਰਹਿਣ ਦੇਂਦੇ ਹਨ। ਜੇ ਕੋਈ ਮਾਂ ਸਵੇਰੇ ਉਠ ਕੇ ਬੱਚਿਆਂ ਨੂੰ ਜਗਾਣਾ ਚਾਹੁੰਦੀ ਹੈ ਤਾਂ ਪਿਤਾ ਕਹਿ ਦੇਂਦਾ ਹੈ ਕਿ ਬੱਚੇ ਦੀ ਨੀਂਦਰ ਅਜੇ ਪੂਰੀ ਨਹੀਂ ਹੋਈ। ਜੇ ਕਿਧਰੇ ਪਿਤਾ ਉਦਮ ਕਰਦਾ ਹੈ ਤਾਂ ਮਾਂ ਬੱਚੇ ਦੇ ਹੱਕ ਵਿਚ ਹੋ ਜਾਂਦੀ ਹੈ। ਬਸ ਬੱਚੇ ਦਾ ਪਲੜਾ ਭਾਰੀ ਹੋ ਜਾਂਦਾ ਹੈ। ਇੰਜ ਬੱਚਾ ਚੋੜ ਹੋ ਜਾਂਦਾ ਹੈ। ਅਜਿਹੇ ਮਾਪਿਆਂ ਨੂੰ ਆਪਣੇ ਬੱਚਿਆਂ ਦੇ ਨੇਕ ਬਣਨ ਦੀ ਆਸ ਸੁਪਨੇ ਵਿਚ ਵੀ ਨਹੀਂ ਰਖਣੀ ਚਾਹੀਦੀ।

ਬੱਚਾ ਆਪਣੇ ਮਾਂ ਬਾਪ ਦੀ ਹਰੇਕ ਹਰਕਤ ਨੂੰ ਬੜੇ ਗਹੁ ਨਾਲ ਵੇਖਦਾ ਜਾਚਦਾ ਰਹਿੰਦਾ ਹੈ। ਇਸ ਤਰ੍ਹਾਂ ਮਾਪਿਆਂ ਦੇ ਗੁਣ ਜਾਂ ਅਉਗੁਣ ਬੱਚੇ ਵਿਚ ਸਹਿਜ ਸੁਭਾਏ ਹੀ ਪਰਵੇਸ਼ ਕਰਦੇ ਰਹਿੰਦੇ ਹਨ। ਬੱਚੇ ਦੇ ਸਾਹਮਣੇ ਜੀਵਨ ਦੀ ਜਿਹੋ ਜਿਹੀ ਨਜ਼ੀਰ ਪੇਸ਼ ਕੀਤੀ ਜਾਏਗੀ, ਬੱਚਾ ਓਹੋ ਜਹੀ ਘਾੜਤ ਵਿਚ ਘੜੀਦਾ ਜਾਏਗਾ। ਬੱਚਿਆਂ ਦੇ ਸਾਹਮਣੇ ਦੁਰਬਚਨ ਬੋਲਣੇ, ਕ੍ਰੋਧਾਤੁਰ ਹੋਣਾ, ਬੱਚਿਆਂ ਨਾਲ ਮੱਕਰ ਫ਼ਰੇਬ ਕਰਨੇ ਆਦਿ ਬੱਚੇ ਦੀ ਭੈੜੀ ਸਿਖਲਾਈ ਦਾ ਵਸੀਲਾ ਬਣਦੇ ਹਨ। ਚਾਹੇ ਛੋਟਾ ਬੱਚਾ ਬੋਲ ਨਹੀਂ ਸਕਦਾ, ਪਰ ਸਾਡੀਆਂ ਕਰਤੂਤਾਂ ਬੱਚੇ ਦੀਆਂ ਅੱਖਾਂ ਬੜੀ ਗਹੁ ਨਾਲ ਦੇਖ ਰਹੀਆਂ ਹੁੰਦੀਆਂ ਹਨ, ਉਸ ਦੇ ਕੰਨ ਸੁਣ ਰਹੇ ਹੁੰਦੇ ਹਨ ਅਤੇ ਉਸ ਦਾ ਮਨ ਸਾਡੇ ਹਰੇਕ ਕਰਮ ਨੂੰ ਵਾਚ ਰਿਹਾ ਹੁੰਦਾ ਹੈ। ਮਾਪਿਆਂ ਦੇ ਕੁਕਰਮਾਂ ਦਾ ਅਕਸ ਬੱਚੇ ਦੇ ਅੰਤਹਕਰਣ ਵਿਚ ਬੀਜ ਬਣ ਜਾਂਦਾ ਹੈ। ਇਹੋ ਬੀਜ ਵਡਿਆਂ ਹੋ ਕੇ ਭੈੜੇ ਕੁਕਰਮਾਂ ਦਾ ਕਾਰਨ ਬਣਦਾ ਹੈ।

ਸੋ ਲੋੜ ਹੈ ਕਿ ਅਰੰਭ ਤੋਂ ਹੀ ਬੱਚਿਆਂ ਵਲ ਪੂਰਨ ਧਿਆਨ ਦਿਤਾ ਜਾਏ, ਉਨ੍ਹਾਂ ਨੂੰ ਗੁਰਮਤਿ ਦੇ ਸੰਚੇ ਵਿਚ ਢਾਲਣ ਦਾ ਜਤਨ ਕੀਤਾ ਜਾਏ ਤੇ ਗਲੀ-ਮਹੱਲੇ ਅਤੇ ਸਕੂਲਾਂ ਕਾਲਜਾਂ ਦੀ ਕੁਸੰਗਤ ਤੋਂ ਬਚਾਇਆ ਜਾਏ।

www.AKJ.Org

## ਹੁਸ਼ਿਆਰਪੁਰ ਵਿਖੇ ਸ਼ਹੀਦੀ ਗੁਰਪੁਰਬ ਸਮੇਂ ਕੀਰਤਨ ਤੇ ਅਖੰਡ ਪਾਠ ਪ੍ਰੋਗਰਾਮ

੧੧ ਜੂਨ ਸਵੇਰੇ ੪ ਤੋਂ ੬ ਆਸਾ ਦੀ ਵਾਰ, ਉਪਰੰਤ ਅਰੰਭ ਸ੍ਰੀ ਅਖੰਡਪਾਠ ਗੁ: ਕਲਗੀਧਰ ਚਰਨ ਪਾਵਨ, ਮਾਡਲ ਟਾਊਨ
੧੨ ਜੂਨ ਸ਼ਾਮ ੭॥ ਤੋਂ ੧੦ ਅਖੰਡ ਕੀਰਤਨ ਗੁਰਦੁਆਰਾ ਗੋਕਲ ਨਗਰ ਵਿਖੇ
੧੩ ਜੂਨ ਸਵੇਰ ੬ ਤੋਂ ੧ ਦੁਪਹਿਰ, ਭੋਗ ਸ੍ਰੀ ਅਖੰਡਪਾਠ, ਉਪਰੰਤ ਅਖੰਡ ਕੀਰਤਨ ਗੁ:ਕਲਗੀਧਰ ਚਰਨ ਪਾਵਨ, ਮਾਡਲਟਾਊਨ
ਸ਼ਾਮ ੭॥ ਤੋਂ ੧੦ ਅਖੰਡ ਕੀਰਤਨ " " "
੧੪ ਜੂਨ ਸਵੇਰ ੫ ਤੋਂ ੧੨ ਦੁਪਹਿਰ, ਆਸਾ ਦੀ ਵਾਰ, ਤੇ ਅਖੰਡ ਕੀਰਤਨ " " "
ਸ਼ਾਮ ੮ ਵਜੇ ਅਰੰਭ ਰੈਣ ਸਬਾਈ ਕੀਰਤਨ ਗੁਰਦੁਆਰਾ ਮਿੱਠਾ ਟਿਵਾਣਾ ਵਾਲੇ, ਮਾਡਲ ਟਾਊਨ
੧੫ ਜੂਨ ਐਤਵਾਰ ਸਵੇਰੇ ੭ ਵਜੇ ਭੋਗ ਰੈਣ ਸਬਾਈ ਕੀਰਤਨ " " "

**ਅੰਮ੍ਰਿਤ-ਸਿੰਚਾਰ—੧੪ ਜੂਨ ਸ਼ਨੀਵਾਰ ਸ਼ਾਮ ੪ ਵਜੇ ਹੋਵੇਗਾ।**

ਨੋਟ:—੧. ਰਿਹਾਇਸ਼ ਆਦਿ ਦਾ ਪਰਬੰਧ ਵਖ ਵਖ ਕੋਠੀਆਂ ਵਿਚ ਤੇ ਲੰਗਰ ਗੁ: ਕਲਗੀਧਰ ਚਰਨ ਪਾਵਨ ਵਿਖੇ ਹੋਵੇਗਾ।

੨. ਗੁ: ਕਲਗੀਧਰ ਚਰਨ ਪਾਵਨ, ਬਸ ਅੱਡੇ ਤੋਂ ਡੇਢ ਫਰਲਾਂਗ ਗ ਅਤੇ ਰੋਸ਼ਨ ਗਰਾਊਂਡ ਦੇ ਨਾਲ ਹੈ।

ਪੁੱਛ ਗਿੱਛ—ਪ੍ਰੋ: ਲਖਦੇਵ ਸਿੰਘ, ਗੌਰਮਿੰਟ ਪੋਲੀਟੈਕਨਿਕ, ਹੁਸ਼ਿਆਰਪੁਰ

ਦਾਸਰੇ—ਅਖੰਡ ਕੀਰਤਨੀ ਜੱਥਾ, ਹੁਸ਼ਿਆਰਪੁਰ।

---

## ਕੁਮਾਰ ਹੱਟੀ (ਸ਼ਿਮਲਾ) ਵਿਖੇ ਅਖੰਡ ਕੀਰਤਨ ਸਮਾਗਮ

ਸਮੂਹ ਸੰਗਤਾਂ ਦੇ ਚਰਨਾਂ ਵਿਚ ਸਨਿਮਰ ਬੇਨਤੀ ਹੈ ਕਿ ਹਮੇਸ਼ਾ ਵਾਂਗ ਐਤਕੀ ਭਾਈ ਸਾਹਿਬ ਰਣਧੀਰ ਸਿੰਘ ਜੀ ਦੇ ਤਪੋ-ਅਸਥਾਨ—ਗੁਰਦਵਾਰਾ ਤਪੋਬਨ ਕੁਮਾਰਹੱਟੀ ਵਿਖੇ ਕੀਰਤਨ ਸਮਾਗਮ ਹੋ ਰਹੇ ਹਨ, ਜਿਸ ਵਿਚ ਸਾਰੇ ਕੀਰਤਨੀ ਜਥੇ ਹਾਜ਼ਰੀਆਂ ਭਰਨਗੇ। ਆਇ ਦੀਦਾਰ ਬਖਸ਼ੋ ਜੀ ਤੇ ਕੀਰਤਨ ਦੀਆਂ ਝੜੀਆਂ ਲਾ ਕੇ ਅੰਮ੍ਰਿਤ-ਕੀਰਤਨ ਦੇ ਛਾਂਟੇ ਭੁੰਚਾਵੋ ਜੀ। ਪ੍ਰੋਗਰਾਮ ਇਉਂ ਹੈ—

੪-੭-੭੫ ਸ਼ੁਕਰਵਾਰ ਸਵੇਰੇ ੫ ਤੋਂ ੮ ਕੀਰਤਨ ਆਸਾ ਦੀ ਵਾਰ ਉਪਰੰਤ ਸ੍ਰੀ ਅਖੰਡ ਪਾਠ ਅਰੰਭ ਗੁ: ਤਪੋਬਨ ਵਿਖੇ
ਸ਼ਾਮ ੭॥ ਤੋਂ ੧੦ ਸੋਦਰ ਤੇ ਅਖੰਡ ਕੀਰਤਨ " "
੫-੭-੭੫ ਸ਼ਨੀਵਾਰ ਸਵੇਰੇ ੬ ਤੋਂ ੧੧ ਕੀਰਤਨ, ਆਸਾ ਦੀ ਵਾਰ ਗੁ: ਸਿੰਘ ਸਭਾ ਡਗਸ਼ਈ ਵਿਖੇ
ਸ਼ਾਮ ੭॥ ਤੋਂ ੧੦ ਸੋਦਰ ਤੇ ਅਖੰਡ ਕੀਰਤਨ ਗੁ: ਤਪੋਬਨ ਵਿਖੇ
੬-੭-੭੫ ਐਤਵਾਰ ਸਵੇਰੇ ੫ ਵਜੇ ਭੋਗ ਸ੍ਰੀ ਅਖੰਡ ਪਾਠ ਉਪਰੰਤ ਦੁਪਹਿਰ ਤਕ ਅਖੰਡ ਕੀਰਤਨ " "

ਸੰਗਤਾਂ ਦਾ ਦਾਸਰਾ—ਬਾਵਾ ਸਿੰਘ, ਗੁਰਦਵਾਰਾ ਤਪੋਬਨ, ਕੁਮਾਰਹੱਟੀ (ਸ਼ਿਮਲਾ ਹਿਲਜ਼)

---

## ਮਹਿਤਾ (ਅੰਮ੍ਰਿਤਸਰ) ਵਿਖੇ ਰੈਣ-ਸਬਾਈ ਕੀਰਤਨ

ਪਿਛਲੇ ਸਾਲਾਂ ਵਾਂਗ ਐਤਕੀ ਵੀ ਗੁਰਦਵਾਰਾ ਗੁਰਦਰਸ਼ਨ ਪ੍ਰਕਾਸ਼, ਮਹਿਤਾ ਚੌਕ ਜ਼ਿਲਾ ਅੰਮ੍ਰਿਤਸਰ ਵਿਖੇ ਰੈਣ-ਸਬਾਈ ਕੀਰਤਨ ੨੮ ਜੂਨ ਸ਼ਨੀਵਾਰ ਦੀ ਰਾਤ ਨੂੰ ਹੋ ਰਹੇ ਹਨ। ਅਖੰਡ ਕੀਰਤਨੀ ਜੱਥੇ ਦੇ ਉਘੇ ਉਘੇ ਕੀਰਤਨੀ ਵੀਰ ਭੈਣਾਂ ਪੁਜ ਰਹੇ ਹਨ। ਸਰਬਤ ਗੁਰਸਿਖ-ਸੰਗਤਾਂ ਉਥੇ ਪੁਜ ਕੇ 'ਸੁਖ ਰੈਣ ਵਿਹਾਣੀ' ਦੇ ਅਨੰਦ ਰਸ ਭੁੰਚੋ ਜੀ।

www.AKJ.Org

ਨੋਟ—ਅਜੀਤ ਨਗਰ ਅੰਮ੍ਰਿਤਸਰ ਅਤੇ ਮਾਡਲ ਟਾਊਨ ਜਲੰਧਰ ਤੋਂ ਉਸ ਸ਼ਾਮ ਨੂੰ ਉਚੇਚੇ ਟਰੱਕ ਮਹਿਤੇ ਲਈ ਚਲਣਗੇ।

13 June 1975 Regd. No. P/AR-27 Sura, Supplimentry, Amritsar

# ਸੂਰਾ

ਸਰਬ ਹਿੰਦ ਅਖੰਡ ਕੀਰਤਨੀ ਜੱਥੇ ਵਲੋਂ ਗੁਰਮਤਿ ਮਾਸਕ ਪੱਤਰ

ਬਜ਼ਾਰ ਮਾਈ ਸੇਵਾਂ, ਅੰਮ੍ਰਿਤਸਰ

ਐਡੀਟਰ

ਗਿਆਨੀ ਜਸਵੰਤ ਸਿੰਘ, ਬੀ.ਏ., ਬੀ.ਟੀ.

# ਕੂਕਿਆਂ ਦਾ ਕੁਫ਼ਰ

ਅਖ਼ਬਾਰਾਂ ਵਿਚ ਕਈ ਦਿਨਾਂ ਤੋਂ ਕੂਕਿਆਂ ਦੇ ਪਤਰਾ-ਪਾਠ ਸਬੰਧੀ ਹਿਰਦੇ-ਵੇਧਕ ਖ਼ਬਰਾਂ ਛਪ ਰਹੀਆਂ ਹਨ, ਜਿਨ੍ਹਾਂ ਨੂੰ ਪੜ੍ਹ ਕੇ ਸਮੂਹ ਸਿਖ ਸੰਗਤਾਂ ਦੁਖ ਅਤੇ ਰੋਸ ਨਾਲ ਉਬਲ ਰਹੀਆਂ ਹਨ ਅਤੇ ਪੰਥਕ ਆਦੇਸ਼ ਦੀ ਉਡੀਕ ਵਿਚ ਉਤਾਵਲੀਆਂ ਹੋ ਰਹੀਆਂ ਹਨ।

ਕੂਕਿਆਂ ਨੇ ਆਪਣੇ ਹੈਡ-ਕੁਆਰਟਰ ਪਿੰਡ ਭੈਣੀ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਤਰੇ ਵਖ ਵਖ ਵਿਅਕਤੀਆਂ ਵਿਚ ਵੰਡੇ ਹੋਏ ਹਨ ਤੇ ਹਰੇਕ ਵਿਅਕਤੀ ਨੂੰ ਦਿਤੇ ਪਤਰਿਆਂ ਦਾ ਸਵਾ ਸਵਾ ਲਖ ਪਾਠ ਕਰਨ ਲਈ ਹੁਕਮ ਕੀਤਾ ਹੋਇਆ ਹੈ। ਉਹਨਾਂ ਦੇ ਕਹਿਣ ਅਨੁਸਾਰ ਏਸ ਤਰ੍ਹਾਂ ਉਹ ਸਵਾ ਲਖ ਪਾਠ ਸੰਪੂਰਨ ਕਰ ਰਹੇ ਹਨ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਠਾਂ ਦੀ ਇਹ ਉਹਨਾਂ ਦੀ ਨਿਜ-ਕਲਪਤ ਵਿਉਂਤ ਨਿਰੀ ਮਨਮੱਤ ਹੈ। ਪਾਠਾਂ ਦਾ ਤਾਂ ਕੇਵਲ ਢੋਂਗ ਹੀ ਹੈ, ਦਰ-ਅਸਲ ਇਹ ਕੂਕਿਆਂ ਦੀ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਅਖੰਡਤਾ ਨੂੰ ਭੰਗ ਕਰ ਕੇ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਜੁਗੋ ਜੁਗ ਅਟੱਲ ਗੁਰਿਆਈ ਵਿਰੁਧ ਗਿਣੀ ਮਿਥੀ ਅਤੇ ਖੁਲ੍ਹਮ ਖੁਲ੍ਹਾ ਸਾਜ਼ਸ਼ ਹੈ।

ਇਹ ਸਾਜ਼ਸ਼ ਉਹਨਾਂ ਨੇ ਪਹਿਲੀ ਵਾਰ ਨਹੀਂ ਕੀਤੀ, ਅਗੇ ਵੀ ੧੯੪੦-੪੧ ਵਿਚ ਉਹਨਾਂ ਨੇ ਅਜਿਹਾ ਕੀਤਾ ਸੀ ਜਿਸ ਵਿਰੁਧ ਪੰਥ ਨੇ ਕਈ ਕੂਕਾ-ਕੁਫ਼ਰ-ਤੋੜ ਪੰਥਕ ਕਾਨਫ਼ਰੰਸਾਂ ਕੀਤੀਆਂ ਸਨ। ਜਿਸ ਦੇ ਫਲ ਸਰੂਪ ਕੂਕਿਆਂ ਨੇ ਇਹ ਕੁਰੀਤੀ ਬੰਦ ਕਰ ਦਿਤੀ ਸੀ। ਅਤੇ ਅਗੋਂ ਲਈ ਖ਼ਾਲਸਾ ਪੰਥ ਨੂੰ ਭਰੋਸਾ ਦਿਵਾਇਆ ਸੀ ਕਿ ਫਿਰ ਅਜਿਹਾ ਕਦੀ ਨਹੀਂ ਕੀਤਾ ਜਾਇਗਾ, ਇਸ ਸਬੰਧੀ ਲਿਖਤੀ ਬਿਆਨ ਮੌਜੂਦ ਹਨ। ਹੁਣ ਫਿਰ ਪਤਾ ਨਹੀਂ ਉਹਨਾਂ ਨੂੰ ਕੀ ਜਨੂੰਨ ਕੁਦਿਆ ਹੈ ਕਿ ਉਹ ਫਿਰ ਉਸੇ ਤਰ੍ਹਾਂ ਦੇ ਕੁਫ਼ਰ ਤੇ ਤੁਲ ਪਏ ਹਨ, ਜਿਸ ਲਈ ਉਹਨਾਂ ਨੂੰ ਫਿਰ ਸੋਧਣ ਪ੍ਰਬੋਧਣ ਦੀ ਲੋੜ ਆਣ ਬਣੀ ਹੈ।

ਜੋਤੀ ਜੋਤਿ ਸਮਾਵਣ ਤੋਂ ਪਹਿਲਾਂ, ਤ੍ਰਿਕਾਲ ਦਰਸੀ, ਦਸਮੇਸ਼ ਸਤਿਗੁਰੂ, ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਗੁਰਤਾ ਦਾ ਟਿੱਕਾ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਦਿਤਾ ਤੇ ਇਸ ਤਰ੍ਹਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਜੁਗੋ ਜੁਗ ਅਟੱਲ ਸਚੇ ਗੁਰਦੇਵ ਸਥਾਪਤ ਕੀਤਾ। ਗਿਆਨ ਤੇ ਸ਼ਾਂਤੀ ਦਾ ਭੰਡਾਰਾ ਹੋਣ ਦੇ ਨਾਤੇ ਇਹ ਸਾਰੇ ਸੰਸਾਰ ਦਾ ਸਾਂਝਾ ਰੂਹਾਨੀ ਵਿਰਸਾ ਹਨ, ਪਰ ਕਿਸੇ ਫ਼ਿਰਕੇ ਵਲੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਅਖੰਡਤਾ ਨੂੰ ਭੰਗ ਕਰਨ ਦਾ ਕੋਝਾ ਤੇ ਨਿੰਦਨੀਯ ਕਰਤਵ ਕਰਨ ਦਾ ਨਾ ਕਿਸੇ ਨੂੰ ਹੱਕ ਹੈ ਅਤੇ ਨਾ ਹੀ ਬਰਦਾਸ਼ਤ ਕੀਤਾ ਜਾ

www.AKJ.Org

ਸਕਦਾ ਹੈ । ਕੂਕਿਆਂ ਦੇ ਹੋਰ ਵੀ ਕਈ ਕੁਫ਼ਰ ਹਨ ਜਿਨ੍ਹਾਂ ਬਾਰੇ ਧਿਆਨ ਦੇਣ ਦੀ ਲੋੜ ਹੈ; ਜਿਵੇਂ ਕਿ:—

(ੳ) ਇਹ ਆਪ-ਹੁਦਰੇ ਹੀ ਆਪਣੇ ਆਪ ਨੂੰ ਗੁਰੂ-ਗਦੀ ਦਾ ਵਾਰਸ ਹੋਣ ਦਾ ਦਾਅਵਾ ਬੰਨ੍ਹਦੇ ਹਨ ।

(ਅ) ਖ਼ਾਲਸਾ ਪੰਥ ਦੀ ਅਰਦਾਸ ਦਸ ਪਾਤਸ਼ਾਹੀਆਂ ਤਕ ਹੀ ਹੈ । ਦਸਵੇਂ ਪਾਤਸ਼ਾਹ ਤੋਂ ਪਿਛੋਂ ਗੁਰ-ਗੱਦੀ ਦੇ ਵਾਰਸ ਜੁਗੋ ਜੁਗ ਅਟੱਲ ਸ਼ਬਦਾਵਤਾਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਹੀ ਹਨ । ਅਰਦਾਸ ਨੂੰ ਵਿਗਾੜ ਕੇ ਕਿਸੇ ੧੧ਵੇਂ, ੧੨ਵੇਂ, ੧੩ਵੇਂ, ੧੪ਵੇਂ ਦੇਹਧਾਰੀ ਸਰੀਰ ਨੂੰ ਗੁਰੂ ਕਹਿਣਾ ਬੜੀ ਭਾਰੀ ਹਮਾਕਤ ਹੈ । ਇਸ ਤਰ੍ਹਾਂ ਕੂਕੇ ਅਰਦਾਸ ਨੂੰ ਬਦਲ ਕੇ ਘੋਰ ਕੁਫ਼ਰ ਕਰ ਰਹੇ ਹਨ । ਇਹ ਅਸੀਂ ਕਦ ਤਕ ਬਰਦਾਸ਼ਤ ਕਰੀ ਜਾਵਾਂਗੇ ? ਅਰਦਾਸ "ਪ੍ਰਿਥਮ ਭਗਉਤੀ" ਤੋਂ ਲੈ ਕੇ "ਸਭ ਥਾਈਂ ਹੋਇ ਸਹਾਇ" ਤਕ ਚੰਡੀ ਦੀ ਵਾਰ ਦਾ ਆਦਿ ਕਥਨ ਹੈ, ਤੇ ਇਸ ਆਦਿ ਕਥਨ ਦੇ ਰਚਨਹਾਰ ਪਾਤਿਸ਼ਾਹੀ ਦਸਵੀਂ, ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਹਨ । ਇਸ ਉਤੇ ਕੂਕੇ, ਪਾਤਸ਼ਾਹੀ ੧੨ਵੀਂ ਦਾ ਸਿਰਲੇਖ ਦੇ ਕੇ ਅਰਦਾਸ ਅਰੰਭ ਕਰਦੇ ਹਨ, ਜੋ ਕਿ ਇਖ਼ਲਾਕੀ ਤੇ ਕਾਨੂੰਨੀ ਤੌਰ ਤੇ ਸਰੀਹਨ ਧੋਖਾ ਤੇ ੪੨੦ ਹੈ ।

ਉਪ੍ਰੋਕਤ ਅਪਰਾਧਾਂ ਨੂੰ ਮੁਖ ਰਖਦਿਆਂ ਹੋਇਆਂ ਇਸ ਆਪ-ਹੁਦਰੇ ਫ਼ਿਰਕੇ ਵਿਰੁਧ ਸਖ਼ਤ ਕਾਰਵਾਈ ਕੀਤੇ ਜਾਣ ਦੀ ਲੋੜ ਹੈ । ਗੁਰਬਾਣੀ ਤੇ ਗੁਰਮੰਤਰ ਵਿਚ ਅਦਲਾ ਬਦਲੀ ਕਰਨ ਦੀ ਅਜਿਹੀ ਹਮਾਕਤ ਅਗੇ ਭਸੌੜ ਦੀਵਾਨ ਦੇ ਕਰਮਚਾਰੀਆਂ ਨੇ ਕੀਤੀ ਸੀ ਜਿਸ ਦੇ ਫਲ-ਸਰੂਪ ਉਹਨਾਂ ਨੂੰ ਪੰਥ ਵਿਚੋਂ ਛੇਕਿਆ ਗਿਆ ਸੀ । ਪਤਾ ਨਹੀਂ ਕੂਕਿਆਂ ਵਿਰੁਧ ਅਜੇ ਤਕ ਸਖ਼ਤ ਕਾਰਵਾਈ ਕਿਉਂ ਨਹੀਂ ਕੀਤੀ ਗਈ । ਇਹ ਕੂਕੇ ਗੁਰੂ ਕੇ ਨਿੰਦਕ ਹਨ ਅਤੇ ਗੁਰੂ-ਗਦੀ ਦੀ ਦਾਅਵੇਦਾਰੀ ਦਾ ਕੂੜਾਵਾ ਕੁਫ਼ਰ ਕਰਦੇ ਹਨ, ਜਿਸ ਲਈ ਇਹ ਪੰਥ ਵਿਚੋਂ ਛੇਕੇ ਜਾਣ ਦੇ ਅਧਿਕਾਰੀ ਹਨ ਤੇ ਉਹਨਾਂ ਦੇ ਵਿਰੁਧ ਤਕੜੀ ਕਾਰਵਾਈ ਕੀਤੀ ਜਾਣੀ ਚਾਹੀਦੀ ਹੈ । ਕੂਕਿਆਂ ਦੇ ਕੁਫ਼ਰ ਵਿਰੁਧ ਅਖਬਾਰਾਂ ਵਿਚ ਸਿਖ ਸੰਸਥਾਵਾਂ ਦੇ ਪ੍ਰਤੀਨਿਧਾਂ ਦੇ ਕਈ ਬਿਆਨ ਪਿਛਲੇ ਦਿਨਾਂ ਵਿਚ ਛਪੇ ਹਨ ।

ਮਿਤੀ ੯ ਜੂਨ ਨੂੰ ਸ਼ਰੋਮਣੀ ਗੁਰਦਵਾਰਾ ਕਮੇਟੀ ਦੀ ਧਾਰਮਿਕ ਸਲਾਹਕਾਰ ਕਮੇਟੀ ਦੀ ਇਕ ਉਚੇਚੀ ਇਕਤ੍ਰਤਾ ਅੰਮ੍ਰਿਤਸਰ ਵਿਚ ਹੋਈ, ਜਿਸ ਵਿਚ ਨਾਮਧਾਰੀਆਂ ਵਲੋਂ ਵੀ ਆਪਣਾ ਪਖ ਪੇਸ਼ ਕੀਤਾ ਗਿਆ । ਪਰ ਸ਼੍ਰੋਮਣੀ ਗੁਰਦੁਆਰਾ ਪ੍ਰ: ਕਮੇਟੀ ਦੇ ਪ੍ਰਧਾਨ ਸ: ਗੁਰਚਰਨ ਸਿੰਘ ਜੀ ਟੌਹੜਾ ਵਲੋਂ ਉਹਨਾਂ ਨੂੰ ਤਾੜਨਾ ਕੀਤੀ ਗਈ ਕਿ ਉਹ ਇਹ ਕੁਰੀਤੀ ਫ਼ੌਰਨ ਬੰਦ ਕਰਨ । ਇਸ ਸਬੰਧ ਵਿਚ ਮਿਤੀ ੧੮-੧੯ ਜੂਨ ਨੂੰ ਜ਼ਿਲਾ ਲੁਧਿਆਣੇ ਦੇ ਪਿੰਡ ਦਲੇਅ ਵਿਚ ਭਾਰੀ ਕੂਕਾ ਕੁਫ਼ਰ ਤੋੜ ਕਾਨਫਰੰਸ ਰਖੀ ਗਈ ਹੈ । ਨਾਲ ਹੀ ੨੨-੬-੭੫ ਨੂੰ ਸਿਖ ਧਰਮ ਦੇ ਸਮੂਹ ਸੰਸਥਾਵਾਂ ਦੇ ਪ੍ਰਤੀਨਿਧਾਂ ਦੀ ਇਕ ਪੰਥਕ ਕਨਵੈਨਸ਼ਨ ਅੰਮ੍ਰਿਤਸਰ ਵਿਖੇ ਸਦੀ ਗਈ ਹੈ, ਜਿਸ ਵਿਚ ਅਗੋਂ ਲਏ ਜਾਣ ਵਾਲੇ ਐਕਸ਼ਨ ਬਾਰੇ ਨਿਰਣਾ ਕੀਤਾ ਜਾਵੇਗਾ ।

'ਗੁਰੂ'ਸਿਖ ਦੇ ਜੀਵਨ ਦਾ ਧੁਰਾ ਹੈ । ਅਣਖ ਦੀ ਕਣੀ ਰਖਣ ਵਾਲਾ ਕੋਈ ਵਿਅਕਤੀ ਆਪਣੇ ਵਡੇ-ਵਡੇਰਿਆਂ ਦਾ ਤ੍ਰਿਸਕਾਰ ਬਰਦਾਸ਼ਤ ਨਹੀਂ ਕਰ ਸਕਦਾ । ਗੁਰੂ ਦਾ ਤ੍ਰਿਸਕਾਰ ਇਕ ਅਜਿਹੀ ਹਿਰਦੇ-ਵੇਧਕ ਘਟਨਾ ਹੈ ਜਿਸ ਨਾਲ ਹਰੇਕ ਗੁਰਸਿਖ ਨੂੰ ਤੜਫਣੀ ਲਗ ਰਹੀ ਹੈ । ਸਿਖ ਨੂੰ ਹੁਕਮ ਵੀ ਹੈ :— ਗੁਰ ਕੀ ਨਿੰਦਾ ਸੁਨੈ ਨ ਕਾਨ ॥

ਸੋ ਖਾਲਸਾ ਜੀ, ਕੀ ਅਸੀਂ ਇੰਨੇ ਨਿਘਰ ਗਏ ਹਾਂ ਕਿ ਜਣੇ-ਖਣੇ ਆਪ-ਹੁਦਰੇ ਟੋਲਿਆਂ ਨੂੰ ਗੁਰਮਤਿ ਨੂੰ ਵਿਗਾੜਨ ਦੀ ਖੁਲ੍ਹੀ ਛੁੱਟੀ ਦਈ ਰਖੀਏ ? ਹੁਣ ਪਾਣੀ ਸਿਰ ਤੋਂ ਲੰਘ ਗਿਆ ਹੈ । ਲੋੜ ਹੈ ਇਨ੍ਹਾਂ ਗੁਰਮਤਿ-ਵਿਰੋਧੀਆਂ ਦੇ ਮਾਰੂ ਹਮਲਿਆਂ ਨੂੰ ਰੋਕਣ ਲਈ ਸਖ਼ਤ ਕਾਰਵਾਈ ਕਰਨ ਦੀ । ਇਹ ਅਜ਼ਮੈਸ਼ ਦੀ ਘੜੀ ਹੈ ਤੇ ਹਰ ਸਿਖ ਨੂੰ ਹਰੇਕ ਕੁਰਬਾਨੀ ਕਰਨ ਲਈ ਤੱਤਪਰ ਹੋਣ ਦੀ ਲੋੜ ਹੈ । ਬੇਗ਼ੈਰਤੀ ਦੇ ਜੀਵਨ ਨਾਲੋਂ ਮਰ ਜਾਣਾ ਕਈ ਦਰਜੇ ਚੰਗਾ ਹੁੰਦਾ ਹੈ ।

www.AKJ.Org

ਸੋ ਅਸੀਂ ਹਰੇਕ ਗੁਰਸਿਖ ਨੂੰ ਅਪੀਲ ਕਰਦੇ ਹਾਂ ਕਿ ਉਹ ਪੰਥਕ ਆਦੇਸ਼ ਦੀ ਉਡੀਕ ਕਰਨ ਤੇ ਹੁਕਮ ਮਿਲਣ ਉਤੇ ਹੁਕਮ ਦੀ ਪਾਲਨਾ ਕਰਨ ਲਈ ਤਿਆਰ ਬਰ ਤਿਆਰ ਰਹਿਣ, ਤਾਂ ਜੁ ਕੋਈ ਵੀ ਗੁਰੂ-ਦੋਖੀ ਗੁਰੂ-ਗਦੀ ਦਾ ਦਾਅਵਾ ਬੰਨ੍ਹਣ ਦਾ ਖ਼ਾਬ ਨ ਲੈ ਸਕੇ।

ਇਸ ਦੇ ਨਾਲ ਹੀ ਅਸੀਂ ਸ਼੍ਰੋਮਣੀ ਗੁ: ਪ੍ਰਬੰਧਕ ਕਮੇਟੀ ਨੂੰ ਪੂਰਨ ਵਿਸ਼ਵਾਸ ਦਿਵਾਉਂਦੇ ਹਾਂ ਕਿ ਜਿਵੇਂ ੧੯੪੧-੪੨ ਵਿਚ ਕੀਤੀਆਂ ਗਈਆਂ ਪੰਥਕ ਕਾਨਫਰੰਸਾਂ ਵਿਚ ਅਖੰਡ ਕੀਰਤਨੀ ਜਥੇ ਵਲੋਂ ਵਧ ਚੜ੍ਹ ਕੇ ਹਿੱਸਾ ਪਾਇਆ ਗਿਆ ਸੀ, ਹੁਣ ਵੀ ਅਖੰਡ ਕੀਰਤਨੀ ਜੱਥਿਆਂ ਵਲੋਂ ਇਸ ਕਾਰਜ ਵਿਚ ਪੂਰਾ ਪੂਰਾ ਸਹਿਯੋਗ ਦਿਤਾ ਜਾਵੇਗਾ।

'ਅਕਾਲੀ ਪਤ੍ਰਿਕਾ' ਵਿਚ ਇਹ ਵੀ ਖ਼ਬਰ ਦਿਤੀ ਗਈ ਹੈ ਕਿ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਸਰਦਾਰ ਟੌਹੜਾ ਜੀ ਨੇ ਨਾਮਧਾਰੀਆਂ ਦੇ ਡੈਪੂਟੇਸ਼ਨ ਨੂੰ ਇਹ ਵੀ ਕਿਹਾ ਹੈ ਕਿ ਜੇ ਮੇਰੇ ਜਾ ਕੇ ਕਹਿਣ ਨਾਲ ਬਾਬਾ ਜਗਜੀਤ ਸਿੰਘ ਇਸ ਕੁਰੀਤੀ ਨੂੰ ਬੰਦ ਕਰਨਾ ਮੰਨ ਸਕਦੇ ਹੋਣ ਤਾਂ ਮੈਂ ਪੰਥਕ ਏਕਤਾ ਨੂੰ ਮੁਖ ਰਖਦਿਆਂ ਅਜਿਹਾ ਕਰਨ ਲਈ ਵੀ ਤਿਆਰ ਹਾਂ। ਟੌਹੜਾ ਜੀ ਦੀ ਨਿਮਰਤਾ ਅਤੇ ਸਦ-ਭਾਵਨਾ ਸ਼ਲਾਘਾ-ਯੋਗ ਹੈ, ਪਰ ਉਹਨਾਂ ਦਾ ਇਕ ਪਰਮੁਖ ਸੰਸਥਾ ਦੇ ਮੁਖੀ ਹੋਣ ਦੇ ਨਾਤੇ ਅਜਿਹਾ ਕਰਨਾ ਸੰਸਥਾ ਦੀ ਹੀਣਤਾ ਦਾ ਸੂਚਕ ਸਮਝਿਆ ਜਾ ਸਕਦਾ ਹੈ। ਇਸ ਲਈ ਅਸੀਂ ਉਨ੍ਹਾਂ ਨੂੰ ਇਹ ਬੇਨਤੀ ਕਰਦੇ ਹਾਂ ਕਿ ਉਹ ਅਜਿਹਾ ਬਿਲਕੁਲ ਨਾ ਕਰਨ।

ਅਖੰਡ ਕੀਰਤਨੀ ਜੱਥਾ

---

## ੧੯੪੧ ਵਿਚ ਨਾਮਧਾਰੀ ਦਰਬਾਰ ਵਲੋਂ ਪੱਤਰਾ ਪਾਠ ਸਬੰਧੀ ਪ੍ਰਾਸਚਿਤ

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮਿਤੀ ੨੬-੧੦-੪੧ ਦੇ ਜਨਰਲ ਇਜਲਾਸ ਵਿਚ ਸ: ਆਤਮਾ ਸਿੰਘ ਜਨਰਲ ਸਕੱਤਰ ਨਾਮਧਾਰੀ ਦਰਬਾਰ ਵਲੋਂ ਪੜ੍ਹਿਆ ਗਿਆ ਬਿਆਨ—

"ਨਾਮਧਾਰੀ ਦਰਬਾਰ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਆਗੂਆਂ ਦੀ ਪਿਆਰ ਭਰੀ ਪ੍ਰੇਰਣਾ ਤੋਂ ਪ੍ਰਭਾਵਿਤ ਹੋ ਕੇ ਪਤਰੇ ਪਹਿਲੋਂ ਹੀ ਵਾਪਸ ਲੈ ਚੁਕਾ ਹੈ। ਇਸ ਸੰਬੰਧ ਵਿਚ ਜੋ ਸਾਡੇ ਭਰਾਵਾਂ ਨੂੰ ਦੁਖ ਸੀ ਉਸ ਤੇ ਦਰਬਾਰ ਖੇਦ ਵੀ ਪ੍ਰਗਟ ਕਰ ਚੁਕਾ ਹੈ; ਪਰੰਤੂ ਕੁਝ ਸਜਣ ਅਜੇ ਤਕ ਵੀ ਸੰਤੁਸ਼ਟ ਨਹੀਂ ਹੋਏ। ਇਸ ਲਈ ਨਾਮਧਾਰੀ ਦਰਬਾਰ ਫੇਰ ਐਲਾਨ ਕਰਦਾ ਹੈ ਕਿ ਅਸੀਂ ਸ੍ਰੀ ਗੁਰੂ ਗ੍ਰੰਥ ਸਾਹਿਬ ਦਾਂ ਉਸਦੀ ਸ਼ਾਨ ਅਨੁਸਾਰ ਸਤਿਕਾਰ ਕਰਨਾ ਆਪਣਾ ਧਰਮ ਸਮਝਦੇ ਹਾਂ, ਤੇ ਐਲਾਨ ਕਰਦਾ ਹੈ ਕਿ ਪੰਥਕ ਏਕਤਾ, ਪੰਥਕ ਜਜ਼ਬਾਤ ਦਾ ਏਹਤਰਾਮ ਕੀਤਾ ਜਾਏਗਾ ਤੇ ਫਿਰ ਕੋਈ ਐਸੀ ਗਲ ਦਰਬਾਰ ਨਹੀਂ ਹੋਣ ਦੇਵੇਗਾ।"

[ਗੁਰਦੁਆਰਾ ਗਜ਼ਟ, ਨਵੰਬਰ ੧੯੪੧

---

## ਗੁ: ਛੇਵੀਂ ਪਾਤਸ਼ਾਹੀ ਰੈਨਵਾੜੀ ਸ੍ਰੀ ਨਗਰ (ਕਸ਼ਮੀਰ) ਵਿਖੇ ਕੀਰਤਨ

੨੩ ਤੋਂ ੨੬ ਜੂਨ ਤਕ ਗੁਰਦੁਆਰਾ ਸਾਹਿਬ ਛੇਵੀਂ ਪਾਤਸ਼ਾਹੀ ਰੈਨਵਾੜੀ ਸ੍ਰੀ ਨਗਰ (ਕਸ਼ਮੀਰ) ਵਿਚ ਕੀਰਤਨ ਪ੍ਰੋਗਰਾਮ ਹੋ ਰਹੇ ਹਨ, ਜਿਸ ਵਿਚ ਭਾਈ ਸਾਹਿਬ ਰਣਧੀਰ ਸਿੰਘ ਜੀ ਦੇ ਅਖੰਡ ਕੀਰਤਨੀ ਜੱਥੇ ਕੀਰਤਨ ਦੀਆਂ ਗੂੰਜਾਂ ਗੁੰਜਾਉਣਗੇ। ਸਮੂੰਹ ਕੀਰਤਨ-ਰਸੀਏ ਕਸ਼ਮੀਰ ਵਾਦੀ ਵਿਚ ਕੀਰਤਨ ਦੀਆਂ ਧੁਨੀਆਂ ਧੁਨਾਉਣ ਲਈ ਆਏ ਦੀਦਾਰ ਬਖ਼ਸ਼ੋ ਜੀ। ਲੋੜ ਅਨੁਸਾਰ ਗਰਮ ਬਿਸਤਰਾ ਤੇ ਇਕ ਅੱਧ ਬਾਟਾ ਨਾਲ ਲਈ ਆਉਣਾ ਜੀ।

ਪੁਛ-ਗਿਛ ਲਈ—ਭਾਈ ਸਾਹਿਬ ਨਰੈਣ ਸਿੰਘ ਜੀ,
ਗੁ: ਛੇਵੀਂ ਪਾਤਸ਼ਾਹੀ, ਰੈਨਵਾੜੀ ਸ੍ਰੀ ਨਗਰ, ਕਸ਼ਮੀਰ

---

ਜੀਊਲ ਫਾਈਨ ਪ੍ਰਿੰਟਰਜ਼, ਹਾਥੀਖ਼ਾਨਾ, ਬਜ਼ਾਰ ਮਾਈ ਸੇਵਾਂ, ਅੰਮ੍ਰਿਤਸਰ ਤੋਂ ਛਪਵਾ ਕੇ ਸੇਵਾ ਸਿੰਘ ਪ੍ਰਿੰਟਰ ਤੇ ਪਬਲਿਸ਼ਰ ਨੇ ਸਰਬ ਹਿੰਦ ਅਖੰਡ ਕੀਰਤਨੀ ਜੱਥੇ ਵਲੋਂ ਬਜ਼ਾਰ ਮਾਈ ਸੇਵਾਂ, ਕੂਚਾ ਚਤਰ ਸਿੰਘ, ਅੰਮ੍ਰਿਤਸਰ ਤੋਂ ਪ੍ਰਕਾਸ਼ਤ ਕੀਤਾ।
www.AKJ.Org

# ਕੂਕਿਆਂ ਵਲੋਂ ਪੱਤਰਾ-ਪਾਠ ਵਿਰੁਧ ਪੰਥਕ ਕਨਵੈਨਸ਼ਨ ਸੱਦ ਲਈ ਗਈ

**ਇਸ ਤਰ੍ਹਾਂ ਪਤਰਾ ਪਤਰਾ ਕਰਕੇ ਪਾਠ ਕਰਨਾ ਗੁਰੂ ਗ੍ਰੰਥ ਸਾਹਿਬ ਦਾ ਅਪਮਾਨ ਹੈ, ਜੋ ਸੰਗਤਾਂ ਬਰਦਾਸ਼ਤ ਨਹੀਂ ਕਰਨਗੀਆਂ—ਪਰਧਾਨ ਸ਼੍ਰੋ: ਕਮੇਟੀ ਵਲੋਂ ਨਾਮਧਾਰੀ ਡੈਪੂਟੇਸ਼ਨ ਨੂੰ ਸਖ਼ਤ ਤਾੜਨਾ—**

ਅੰਮ੍ਰਿਤਸਰ—ਕੂਕਿਆਂ ਵਲੋਂ ਸ਼ੁਰੂ ਕੀਤੇ ਗਏ ਪੱਤਰਾ ਪਾਠ ਦੇ ਮਸਲੇ ਨੂੰ ਵਿਚਾਰਨ ਤੇ ਅਗਲਾ ਕਦਮ ਪੁਟਣ ਲਈ ਸ਼੍ਰੋਮਣੀ ਗੁ: ਪ੍ਰ: ਕਮੇਟੀ ਵਲੋਂ ਧਾਰਮਿਕ ਸਲਾਹਕਾਰ ਕਮੇਟੀ ਦੀ ਬੁਲਾਈ ਗਈ ਇਕ ਉਚੇਚੀ ਇਕੱਤਰਤਾ ਅੱਜ ਗੁਰੂ ਨਾਨਕ ਨਿਵਾਸ ਦੇ ਇਕ ਮੀਟਿੰਗ-ਰੂਮ ਵਿਚ ਹੋਈ। ਜਿਸ ਵਿਚ ਨਾਮਧਾਰੀ ਦਰਬਾਰ ਵਲੋਂ ਆਪਣਾ ਪੱਖ ਪੇਸ਼ ਕਰਨ ਲਈ ਇਕ ਡੈਪੂਟੇਸ਼ਨ ਭੀ ਪੁਜਿਆ ਹੋਇਆ ਸੀ, ਜਿਸ ਨੇ ਲੰਮਾ ਸਮਾਂ ਲਾ ਕੇ ਆਪਣਾ ਪੱਖ ਕਮੇਟੀ ਸਾਹਮਣੇ ਪੇਸ਼ ਕੀਤਾ।

ਸ: ਗੁਰਚਰਨ ਸਿੰਘ ਟੌਹੜਾ ਪ੍ਰਧਾਨ ਸ਼੍ਰੋਮਣੀ ਗੁ: ਪ੍ਰ: ਕਮੇਟੀ ਨੇ ਨਾਮਧਾਰੀ ਡੈਪੂਟੇਸ਼ਨ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਇਸ ਘੋਰ ਬੇਅਦਬੀ ਸਬੰਧੀ ਸਿੱਖ ਸੰਗਤਾਂ ਦੇ ਜਜ਼ਬਾਤਾਂ ਤੋਂ ਜਾਣੂੰ ਕਰਵਾਂਦਿਆਂ ਬੜੀ ਅਧੀਨਗੀ ਸਹਿਤ, ਇਹ ਪੱਤਰਾ-ਪਾਠ ਦੀ ਕੁਰੀਤੀ ਵਾਪਸ ਲੈਣ ਅਤੇ ਅਗੇ ਨੂੰ ਅਜਿਹਾ ਨਾ ਕਰਨ ਲਈ ਸਪੱਸ਼ਟ ਤਾੜਨਾ ਭਰੀ ਅਪੀਲ ਕੀਤੀ। ਨਾਮਧਾਰੀ ਡੈਪੂਟੇਸ਼ਨ ਦਾ ਪੱਖ ਸੁਨਣ ਤੋਂ ਪਿਛੋਂ ਇਹ ਬਿਲਕੁਲ ਸਪੱਸ਼ਟ ਹੋ ਗਿਆ ਕਿ ਨਾਮਧਾਰੀਆਂ ਦੇ ਡੇਰੇ ਵਿਚ ਦੋ ਦੋ ਚਾਰ ਚਾਰ ਪੱਤਰਿਆਂ ਨੂੰ ਵੰਡ ਕੇ ਅਖੌਤੀ ਸਵਾ ਲੱਖ ਪਾਠਾਂ ਦੀ ਇਕ ਲੜੀ ਚਲਾਈ ਹੋਈ ਹੈ ਜਦੋਂ ਕਿ ਸਿੱਖ ਪੰਥ ਤੇ ਕਿਸੇ ਭੀ ਸੰਪਰਦਾ ਵਿਚ ਕਿਸੇ ਭੀ ਸਮੇਂ ਇਸ ਤਰ੍ਹਾਂ ਬੀੜ ਭੰਗ ਕਰ ਕੇ ਜਾਂ ਖੁਲ੍ਹੇ ਪਤਰੇ ਲੈ ਕੇ ਪਾਠ ਕਰਨ ਦੀ ਕੋਈ ਮਰਯਾਦਾ ਨਹੀਂ ਹੈ।

ਸਰਦਾਰ ਟੌਹੜਾ ਜੀ ਨੇ ਕਿਹਾ ਕਿ ਸਵਾ ਕਰੋੜ ਸਿੱਖਾਂ ਦੇ ਜਜ਼ਬਾਤ ਇਸ ਮੰਦ ਕਰਮ ਨਾਲ ਲੂਹੇ ਗਏ ਹਨ। ਜੇ ਇਹ ਢੋਂਗ ਬੰਦ ਨਾ ਕੀਤਾ ਗਿਆ ਤਾਂ ਸਿੱਖ ਸੰਗਤਾਂ ਵਿਚ ਜੋ ਬੇਚੈਨੀ ਫੈਲ ਰਹੀ ਹੈ ਉਸ ਦੀ ਜ਼ਿਮੇਵਾਰੀ ਕੂਕਿਆਂ ਦੀ ਹੋਵੇਗੀ। ਸ਼੍ਰੋਮਣੀ ਕਮੇਟੀ ਦੇ ਪਰਧਾਨ ਦੀ ਹੈਸੀਅਤ ਵਿਚ ਮੀਟਿੰਗ ਦੀ ਪ੍ਰਧਾਨਗੀ ਕਰਦਿਆਂ, ਬਹੁਤ ਛੇਤੀ ਇਸ ਭਾਰੀ ਗਲਤੀ ਦੀ ਤਲਾਫ਼ੀ ਕਰ ਲੈਣ ਦੀ ਅਪੀਲ ਕੀਤੀ ਅਤੇ ਸਪੱਸ਼ਟ ਕੀਤਾ ਕਿ ਇਸ ਮਸਲੇ ਨੂੰ ਰਾਜਨੀਤੀ ਤੇ ਵੋਟਾਂ ਨਾਲ ਨਾ ਜੋੜਿਆ ਜਾਵੇ। ਇਹ ਨਿਰੋਲ ਧਾਰਮਿਕ ਸਵਾਲ ਹੈ। ਨਾਮਧਾਰੀਆਂ ਵਲੋਂ ਇਕ ਸਟੇਜ ਉਤੇ ਏਥੋਂ ਤੱਕ ਵੀ ਕਿਹਾ ਗਿਆ ਕਿ ਉਹ ਗੁਰੂ ਗ੍ਰੰਥ ਸਾਹਿਬ ਨੂੰ ਇਸ ਲਈ ਗੁਰੂ ਨਹੀਂ ਕਹਿੰਦੇ ਕਿ ਉਹ ਗੁਰੂ ਨਾਨਕ ਗੱਦੀ ਦੇ ਵਾਰਸ ਆਪਣੇ ਆਪ ਨੂੰ ਮੰਨਦੇ ਹਨ।

ਸਿੱਖ ਸੰਗਤਾਂ ਦੇ ਇਸ ਸਾਕੇ ਬਾਰੇ ਪੁਜੇ ਪੱਤਰ ਅਤੇ ਤਾਰਾਂ, ਤੇ ਸਿੱਖ ਸੰਸਥਾਵਾਂ ਵਿਚ ਇਸ ਘਟਨਾ ਦੇ ਵਾਪਰਨ ਤੋਂ ਫੈਲੀ ਬੇਚੈਨੀ ਨੂੰ ਮਦੇ-ਨਜ਼ਰ ਰਖਦਿਆਂ, ਜੁਗੋ ਜੁਗ ਅਟੱਲ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਤੇ ਪੂਰਨ ਅਕੀਦਾ ਰਖਣ ਵਾਲੇ ਹਰ ਖ਼ਿਆਲ, ਹਰ ਸੰਪਰਦਾਏ ਦੇ ਸਿੱਖਾਂ ਦੀ ਇਕ ਭਾਰੀ ਪੰਥਕ ਕਨਵੈਨਸ਼ਨ ਸਦ ਕੇ, ਅਗਲਾ ਪ੍ਰੋਗਰਾਮ ਬਣਾਉਣ ਲਈ ਫ਼ੈਸਲਾ ਕੀਤਾ ਗਿਆ। ਨਾਲ ਹੀ ਉਦੋਂ ਤਕ ਕੂਕਿਆਂ ਵਲੋਂ ਆਪਣੀ ਗਲਤੀ ਦੀ ਮੁਆਫੀ ਮੰਗ ਕੇ ਅਗੇ ਤੋਂ ਅਜਿਹਾ ਅਯੋਗ ਕਾਰਨਾਮਾ ਕਰਨ ਲਈ ਵਿਸ਼ਵਾਸ ਨਾ ਦਿਵਾਉਣ ਦੀ ਸੂਰਤ ਵਿਚ ਇਸ ਕੁਰੀਤ ਵਿਰੁਧ ਇਕ ਵੱਡੀ ਪੱਧਰ ਤੇ ਨਿਰੋਲ ਧਾਰਮਿਕ ਐਜੀਟੇਸ਼ਨ ਚਲਾਉਣ ਦਾ ਸੰਕੇਤ ਵੀ ਕੀਤਾ ਗਿਆ, ਤਾਂ ਜੁ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਕਿਸੇ ਤਰ੍ਹਾਂ ਦੀ ਵੀ ਕੋਈ ਬੇ-ਹੁਰਮਤੀ ਅਗੇ ਨੂੰ ਨਾ ਕਰ ਸਕੇ।

੨੨ ਜੂਨ ਨੂੰ ਸਾਰੀਆਂ ਸਿੱਖ ਸੰਸਥਾਵਾਂ ਦੀ ਭਾਰੀ ਕਨਵੈਨਸ਼ਨ ਬੁਲਾਉਣ ਲਈ ਸੱਦੇ ਜਾਰੀ ਕਰ ਦਿਤੇ ਗਏ ਹਨ, ਜੋ ਗੁਰਦੁਆਰਾ ਮੰਜੀ ਸਾਹਿਬ ਦੀਵਾਨ-ਹਾਲ, ਅੰਮ੍ਰਿਤਸਰ ਵਿਖੇ ਇਕ ਵਜੇ ਦੁਪਹਿਰ ਹੋਵੇਗੀ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਅਖੰਡਤਾ ਤੇ ਸਤਿਕਾਰ ਦੇ ਆਸ਼ਕ ਗੁਰਸਿੱਖਾਂ ਨੂੰ ਇਸ ਕਨਵੈਨਸ਼ਨ ਵਿਚ ਭਾਗ ਲੈਣ ਲਈ ਜਿਥੇ ਬੇਨਤੀ ਕੀਤੀ ਜਾਂਦੀ ਹੈ, ਉਥੇ ਗੁਰੂ ਘਰ ਦੇ ਸ਼ਰਧਾਲੂਆਂ, ਸੰਤਾਂ, ਮਹੰਤਾਂ, ਗੁਰਮੁਖ ਗੁਰਸਿੱਖਾਂ ਦੀ ਸੇਵਾ ਵਿਚ ਬੇਨਤੀ ਹੈ ਕਿ ਉਹ ਇਸ ਕਨਵੈਨਸ਼ਨ ਲਈ ਵਧ ਤੋਂ ਵਧ ਸਹਿਯੋਗ ਦੇਣ ਤੇ ਸਿੱਖ ਸੰਗਤਾਂ ਨੂੰ ਸਾਰੇ ਹਾਲਾਤ ਤੋਂ ਜਾਣੂੰ ਕਰਾਉਣ ਲਈ ਥਾਂ ਥਾਂ ਸਮਾਗਮ ਕਰਨ ਦੀ ਖੇਚਲ ਵੀ ਕਰਨ। ਨਾਮਧਾਰੀ ਦਰਬਾਰ ਵਲੋਂ ਕੁਝ ਇਸ਼ਤਿਹਾਰਾਂ ਰਾਹੀਂ ਭੁਲੇਖੇ ਤੇ ਟਪਲੇ ਪਾਏ ਜਾ ਰਹੇ ਹਨ। ਸੰਗਤਾਂ ਉਨ੍ਹਾਂ ਭੁਲੇਖਿਆਂ ਤੋਂ ਬਚਣ।

www.AKJ.org